Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

16968-7

੧ ੳ ਸ਼ਤਿਗੁਰਪ੍ਰਸਾਦਿ ॥

# ਸਾਕਾ ਸਰਹਿੰਦ

ਕ੍ਰਿਤ ਕਵਿ:—ਨੱਥਾ ਸਿੰਘ 'ਭੂਰੀਵਾਲਾ'



DEPARTMENT OF LANGUAGES BOOK PUNJAB

ਪ੍ਰਕਾਸ਼ਕ:—ਸ: ਮਲਕੀਅਤ ਸਿੰਘ
'ਮੈਨੇਜਰ' ਜਗਤ ਪ੍ਰਿੰਟਿੰਗ ਪ੍ਰੈਸ, ਮੋਗਾ

Digitized by Panjab Digital Library | www.panjabdigilib.org

... ਾ ਸਿੰਘ 'ਭੂਰੀਵਾਲਾ' ਜੀ ਤੋਂ
ਸ਼ਾਹ ਲੈ ਕੇ ਕਈਆਂ ਸਾਲਾਂ ਤੋਂ ਗੁਰਮਤ ਦਾ
... ਆਇਆ ਹੈ, ਅਤੇ ਹੁਣ ਭੀ ਕਰ ਰਿਹਾ ਹੈ ਇਸ
... ਤੋਂ ਵਿਆਹ ਸ਼ਾਦੀਆਂ, ਅਖੰਡ ਪਾਠਾਂ ਅਨੰਦ ਕਾਰਜਾਂ, ਗੁਰ ਪੁਰਬਾਂ ਤੇ ਹੋਰ ਪ੍ਰੋਗਰਾਮਾਂ ਤੇ ਸੇਵਾ ਲੈ ਸਕਦੇ ਹੋ। ਨਵੇਂ ਪੰਜ ਪੈਸੇ ਦਾ ਕਾਰਡ ਪੁਜਣ ਤੇ ਪ੍ਰਵਾਨਗੀ ਦਿਤੀ ਜਾਂਦੀ ਹੈ।

ਪ੍ਰਸਿਧ ਕਵੀਸ਼ਰ:—

# ਜਾਗੀਰ ਸਿੰਘ ਪ੍ਰਤਾਪ ਸਿੰਘ ਗੰਗਾ ਸਿੰਘ

ਪਿੰਡ ਤਰਖਾਨ ਵੱਧ ਤਹਿਸੀਲ ਮੋਗਾ (ਫੀਰੋਜ਼ਪੁਰ)

## ਨਥਾ ਸਿੰਘ 'ਭੂਰੀ ਵਾਲਾ' ਦੀਆਂ ਛਪੀਆਂ ਪੁਸਤਕਾਂ

| | | | | | |
|---|---|---|---|---|---|
| ਵੈਰਾਗ ਦੇ ਹੰਝੂ | ੧॥) | ਪਿੰਡ ਸੁਧਾਰ | ੧।) | ਛੇ ਛਮਕਾਂ | ।= |
| ਵਗਦੇ ਹੰਝੂ | ੧।) | ਅਰਸ਼ੀ ਨੂਰ | ੧।) | ਰਾਜ ਦੁਲਾਰੀ | ॥ |
| ਕੰਜ ਕਵਾਰੀ | ੧।) | ਬੀਬੀ ਸੁੰਦਰੀ | ।॥) | ਗੀਤ ਗੁੰਜਾਰ | ।= |
| ਹਟਕੋਰੇ | ੧।) | ਸੱਚੀਆਂ ਗੱਲਾਂ | ॥) | ਅਨੰਦ ਸਿਖਿਆ | , |
| ਹਾਇ ਪੰਜਾਬ | ੧।) | ਪਿਆਰ ਵਾੜੀ | ॥) | ਪੰਥ ਖਾਲਸਾ | ।) |
| ਸੋਨ ਮੁਖੀ ਤੀਰ | ੧।) | ਰੰਗ ਰਲੀਆਂ | ॥) | ਭਾਰਤ ਦਾ ਵਾਲੀ | । |
| ਮਾਹੀ | ੧।) | ਬੱਗੇ ਗੋਹੜੇ | ॥) | ਪਿਆਰ ਸਨੇਹੇਂ | ।॥) |
| ਪਾਂਧੀ | ੧।) | ਪਿਆਰ ਦੇ ਹੰਝੂ | ।॥) | ਸਾਕਾ ਸਰਹੰਦ | ॥) |
| ਪਿਆਰ ਪੀਂਘਾਂ | ੧।) | ਦਸਮੇਸ਼ ਦੁਲਾਰੇ | ।॥) | ਚਮਕੌਰ ਸਾਹਿਬ | ॥) |
| ਪਿਆਰ ਝਾਕੀਆਂ | ੧।) | ਚਾਨਣ ਟੁਕੜੀਆਂ | ।) | ਤਿੱਤਰ ਬਾਜ | ।) |

ਮੰਗਾਣ ਦਾ ਪਤਾ:— **ਸ੍ਰ: ਮਲਕੀਤ ਸਿੰਘ 'ਮੈਨੇਜਰ'**
ਜਗਤ ਪ੍ਰਿੰਟਿੰਗ ਪ੍ਰੈਸ, ਮੋਗਾ

Digitized by Panjab Digital Library | www.panjabdigilib.org

# ਮਾਲਵੇ ਦਾ ਪ੍ਰਸਿੱਧ ਕਵੀਸ਼ਰੀ ਜੱਥਾ

16968-G



**ਭਾ: ਜਾਗੀਰ ਸਿੰਘ, ਗਿ: ਨੱਥਾ ਸਿੰਘ, ਭਾ: ਬਖਤਾਵਰ ਸਿੰਘ**

**ਕਵੀਸ਼ਰ 'ਭੂਰੀ ਵਾਲਾ' ਪ੍ਰਚਾਰਕ**

ਸਭਾ ਭਰੀ ਵਿੱਚ ਬੋਲਣਾ ਬਹੁਤ ਮੁਸ਼ਕਲ, ਨਹੀਂ ਨਾਲ ਕਵੀਸ਼ਰਾਂ ਰੀਸ ਸਾਡੀ।
ਪਿੰਡ ਪਿੰਡ ਕਵੀਸ਼ਰੀ ਬਣੇ ਜੱਥੇ, ਉਨਤੀ ਕਰਨ ਇਹ ਸਭ ਲਈ ਅਸੀਸ ਸਾਡੀ।
ਸਤਿਗੁਰ ਜੱਸ ਦਾ ਹਿਰਦਿਓਂ ਉਮਾਹ ਸਾਨੂੰ, ਕਰੜੀ ਪ੍ਰੇਮੀਆਂ ਲਈ ਨਾ ਫੀਸ ਸਾਡੀ।
ਜੱਥਾ ਸੇਵਾ ਲਈ ਸਦਾ ਤਿਆਰ ਰਹਿੰਦਾ, ਮੱਦਦ ਕਰੇ ਆ ਗੁਰੂ ਜਗਦੀਸ਼ ਸਾਡੀ।

**ਨੋਟ:- ਇਸ ਜੱਥੇ ਨਾਲ ਭਾ: ਪ੍ਰਤਾਪ ਸਿੰਘ ਕਵੀਸ਼ਰ ਭੀ ਸ਼ਾਮਲ ਹੈ। ਉਸ ਦੀ ਫੋਟੋ ਅਗਲੇ ਪ੍ਰਸੰਗਾਂ ਵਿੱਚ ਛਾਪੀ ਜਾਵੇਗੀ।**

PUNJABI ... PATIALA.

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ

****************ia********

ੴ ਸਤਿ ਗੁਰ ਪ੍ਰਸਾਦਿ ॥

# ਸਾਕਾ ਸਰਹੰਦ

ਮਾਲਵੇ ਦੇ ਪ੍ਰਸਿਧ ਕਵੀਸ਼ਰ :–
ਕ੍ਰਿਤ ਕਵਿ:– ਗਿਆਨੀ ਨੱਥਾ ਸਿੰਘ 'ਭੂਰੀਵਾਲਾ'
ਪਿੰਡ ਤਰਖਾਨ ਵੱਧ ਤਹਿਸੀਲ ਮੋਗਾ ( ਫੀਰੋਜ਼ ਪੁਰ )

ਪ੍ਰ–ਸ੍ਰ: ਮਲਕੀਤ ਸਿੰਘ ਮੈਨੇਜਰ ਜਗਤ ਪ੍ਰਿੰਟਿੰਗ ਪ੍ਰੈਸ ਮੋਗਾ

ਵਾਰ ੧੦੦੦ ਮੂਲ ਅੱਠ ਆਨੇ

***************ia********

## ਮੰਗਲਾ ਚਰਨ

ੴ ਸ੍ਰੀ ਵਾਹਿਗੁਰੂ, ਨਿਰਗੁਣ ਸਰਗੁਣ ਆਪ।
ਦੋਹਰਾ:– ਵਿਆਪਕ ਸਾਰੇ ਜਗਤ ਮਾਂਹਿ, ਹੇ ਰਸਨਾ ਕਰ ਜਾਪ ॥
ਗੁਰੂ ਨਾਨਕ ਦਸ ਰੂਪ ਨੂੰ, ਸਿਮਰੋਂ ਰਿਦੇ ਹਮੇਸ਼ ॥
ਦੂਖ ਦਲਿਦਰ ਦੂਰ ਕਰ, ਕਾਟੋ ਬਿਘਨ ਕਲੇਸ਼ ॥ ੨ ॥
ਦਸ ਸਤਿਗੁਰੂ ਸ੍ਵਰੂਪ ਹੈ, ਸਾਹਿਬ ਸ੍ਰੀ ਗੁਰੂ ਗ੍ਰੰਥ ॥
ਕਲਮ ਉਠਾਵਾਂ ਧਿਆਨ ਧਰ, ਸਿਮਰ ਖਾਲਸਾ ਪੰਥ ॥ ੩ ॥

## ਅਨੰਦ ਪੁਰ ਛੱਡਣਾ

ਕਲਗੀ ਧਰ ਅਵਤਾਰ ਜੀ ਅਨੰਦ ਪੁਰੀ ਨੂੰ ਛੋੜ।
ਦੋਹਰਾ:– ਇੰਝ ਅਸੀਸਾਂ ਦੇਂਵਦੇ, ਨੀਲੇ ਤਾਈਂ ਮੋੜ ॥੪॥

Digitized by Panjab Digital Library | www.panjabdigilib.org

ਕੋਰੜਾ ਛੰਦ:—ਨਿਕਲੇ ਅਨੰਦ ਪੁਰ ਗੁਰੂ ਛੋੜ ਕੇ। ਖੜ ਗਏ ਨੀਲੇ ਦੀਆਂ ਬਾਗਾਂ ਮੋੜ ਕੇ। ਮਿਸਰੀ ਦੇ ਵਾਂਙ ਪਿਆਰ ਵਿੱਚ ਖੁਰੀਏ। ਸੁੱਖ ਨਾਲ ਵਸ ਤੂੰ ਅਨੰਦ ਪੁਰੀਏ ॥੧॥ ਚਾਲੀਆਂ ਨੇ ਕਾਹਨੂੰ ਸੀ ਬੇਦਾਵਾ ਲਿਖਣਾ। ਤੂੰ ਨਾ ਸਾਡਾ ਗੁਰੂ ਅਸੀਂ ਤੇਰੇ ਸਿਖ ਨਾ। ਵੇਖ ਕੇ ਮਝੈਲਾਂ ਦੇ ਕਰਮ ਝੁਰੀਏ। ਸੁੱਖ ਨਾਲ ਵਸ ਤੂੰ ਅਨੰਦ ਪੁਰੀਏ ॥ ੨ ॥ ਛੋਟੇ ਲਾਲ ਨਾਲ ਲੈ ਗਈ ਮਾਤਾ ਗੁਜਰੀ। ਤੈਨੂੰ ਹੈ ਉਜਾੜਿਆ ਤੇ ਆਪ ਉਜੜੀ। ਪਤਾਸਿਆਂ ਦੇ ਵਾਂਙ ਵਿਚੇ ਵਿੱਚ ਭੁਰੀਏ। ਸੁੱਖ ਨਾਲ ਵੱਸ ਤੂੰ ਅਨੰਦ ਪੁਰੀਏ ।੩। ਭੁਖੇ ਰਹਿਕੇ ਸੱਤ ਮਾਹ ਹੈ ਕੀਤੀ ਰਖਿਆ। ਰੁੱਖਾਂ ਦੀਆਂ ਡਾਲਾਂ ਪਤਿਆਂ ਨੂੰ ਭੱਖਿਆ। ਗਲ ਨਾਲ ਲਗ ਹੱਸ ਹੱਸ ਤੁਰੀਏ। ਸੁਖ ਨਾਲ ਵਸ ਤੂੰ ਅਨੰਦ ਪੁਰੀਏ ॥ ੪ ॥ ਗਊ ਤੇ ਕੁਰਾਨ ਦੀਆਂ ਖਾ ਕੇ ਕਸਮਾਂ। ਪਹਾੜੀਆਂ ਪਠਾਣਾਂ ਫੇਰ ਲਈਆਂ ਚਸਮਾਂ। ਕਰਨਗੇ ਹੱਲਾ ਤੁਰਕ ਨਗੁਰੀਏ। ਸੁਖ ਨਾਲ ਵਸ ਤੂੰ ਅਨੰਦ ਪੁਰੀਏ ॥੫। ਗੋਲਿਆਂ ਕਬੂਤਰਾਂ ਦੇ ਢੈਣੇ ਆਲਣੇ। ਕਹਿਆਂ ਪਹਾੜੀਆਂ ਜਿਗਰ ਬਾਲਣੇ। ਆਗਿਆ ਬਖਸ਼ ਘੋੜਾ ਪਾਈਏ ਨੁਰੀਏ। ਸੁਖ ਨਾਲ ਵਸ ਤੂੰ ਅਨੰਦ ਪੁਰੀਏ ॥ ੬ ॥ ਖਾਲਸੇ ਨੂੰ ਪਟੇ ਦਿਤੇ ਬਾਦਸ਼ਾਹੀਆਂ ਦੇ। ਹੋ ਕੇ ਹਾਂ ਫਕੀਰ ਚੱਲੇ ਵਾਂਙ ਰਾਹੀਆਂ ਦੇ। ਕਹੇ ਨੱਥਾ ਸਿੰਘ ਅੱਧੀ ਰਾਤੀਂ ਟੁਰੀਏ। ਸੁੱਖ ਨਾਲ ਵੱਸ ਤੂੰ ਅਨੰਦ ਪੁਰੀਏ ॥ ੭ ॥ ੫ ॥

ਦੋਹਿਰਾ:— ਆਖੇ ਸਾਹਿਬ ਅਜੀਤ ਸਿੰਘ ਹਿਰਦੇ ਵਿੱਚ ਸਤਿਕਾਰ ॥
ਅਨੰਦ ਪੁਰੀ ਨਹੀਂ ਆਵਣਾ, ਦਰਸ਼ਨ ਅੰਤ ਦੀ ਬਾਰਾਂ।

ਰੁਬਾਈ ਛੰਦ:— ਧੰਨਾ ਸਿੰਘ ਤੇ ਬੁੱਢਾ ਸਿੰਘ ਨੂੰ, ਆਖਿਆ ਸਾਹਿਬਜ਼ਾਦੇ ਨੇ। ਅਜ ਅਨੰਦ ਪੁਰੀ ਛਡ ਟੁਰਨਾ, ਪੂਰੇ ਹੋ ਗਏ ਵਾਹਦੇ ਨੇ ॥ ੧ ॥ ਉਮਰ ਸਤਾਰਾਂ ਸਾਲ ਦੀ ਏਥੇ, ਲਾਡਾਂ ਨਾਲ

Digitized by Panjab Digital Library | www.panjabdigilib.org

ਲੰਘਾਈ ਏ। ਵੱਤ ਇਥੇ ਨਾ ਫੇਰਾ ਪੌਣਾ, ਸਦਾ ਦੇ ਲਈ ਜੁਦਾਈ ਏ ॥੨॥ ਛਡ ਜਾਣੇ ਇਹ ਬਾਗ ਬਰੂਟੇ, ਡਾਲਾਂ ਝੂੰਮ ਝੂੰਮ ਆਉਂਦੀਆਂ ਨੇ। ਰਾਗ ਬੁਲਬੁਲਾਂ ਦੇ ਨਾ ਸੁਣਨੇ, ਸੰਧਲੇ ਬੰਨ੍ਹ ਬੰਨ੍ਹ ਗਾਂਉਦੀਆਂ ਨੇ ॥੩॥ ਕੇਸਰ ਪਿਆਰਾ ਮਾਲੀ ਛਡਣਾ, ਗੁੰਦ ਗੁੰਦ ਹਾਰ ਲਿਆਂਉਦਾ ਸੀ। ਪਿਆਰ ਚਿ ਆਂਉਦਾ ਲਾਡ ਲਡਾਂ-ਉਦਾ, ਸਧਰ ਥੀਂ ਗਲ ਵਿੱਚ ਪਾਂਉਦਾ ਸੀ ॥ ੪ ॥ ਨਾ ਹੀ ਠੰਡਾ ਪਾਣੀ ਪੀਣਾ, ਵੱਤ ਮੁੜ ਇਹਨਾਂ ਖੂਹਾਂ ਦਾ । ਨਾ ਹੀ ਮੁੜਕੇ ਦਰਸ਼ਨ ਲੈਣਾ, ਇਹਨਾਂ ਪਿਆਰੀਆਂ ਰੂਹਾਂ ਦਾ ॥ ੫ ॥ ਬਾਬਲ ਸੰਦੀਆਂ ਗਲੀਆਂ ਅੰਦਰ, ਖੇਡਣਾ ਨਾਲ ਨਾ ਹਾਣੀਆਂ ਦੇ। ਮੌਤ ਦੇ ਸਿਹਰੇ ਬੰਨ੍ਹਕੇ ਟੁਰਨਾ, ਸੰਗ ਸ਼ਹੀਦੀ ਢਾਣੀਆਂ ਦੇ ॥ ੬ ॥ ਬਿਪਤਾ ਰੂਪੀ ਸ਼ੀਹਣੀ ਦੇ ਮੂੰਹ, ਸ਼ੀਗਰ ਜਾਕੇ ਪੈਣਾ ਏਂ । ਧਰਮ ਚਿਖਾ ਤੇ ਚੜ੍ਹਕੇ ਸੜਨਾ, ਸੂਲੀ ਝੂਟਾ ਲੈਣਾ ਏਂ ॥ ੭ ॥ ਸਿਖ ਵੈਰਾਗ ਭਰੇ ਇਹ ਸੁਣਕੇ, ਭੁੱਬਾਂ ਮਾਰਕੇ ਰੋਏ ਸੀ। 'ਭੂਰੀ ਵਾਲੇ' ਕਲਮ ਚਲਾਈ, ਹੰਝੂ ਹਾਰ ਪਰੋਏ ਸੀ ॥ ੮ ॥ ੬ ॥

ਦੋਹਿਰਾ:— ਅਨੰਦ ਪੁਰੀ ਨੂੰ ਛੱਡਿਆ, ਕਲਗੀਧਰ ਅਵਤਾਰ ।
ਬਿਪਤਾ ਦੇ ਮੂੰਹ ਪੈ ਗਿਆ, ਸਾਰਾ ਹੀ ਪਰਵਾਰ ॥੭॥

ਝੋਕ ਛੰਦ:—ਕਲਗੀ ਧਰ ਸਤਿਗੁਰ ਜੀ ਨੇ ਚਰਨ ਬਾਹਰ ਪਾਇਆ ਸੀ, ਮਾਰ ਜੈਕਾਰੇ ਸਿੱਖਾਂ ਦੁਸ਼ਮਣ ਕੰਬਾਇਆ ਸੀ, ਧਰਤ ਅਕਾਸ਼ ਸ਼ਹਿਰ ਤੇ ਕਰਨਾ ਰੱਸ ਛਾਇਆ ਸੀ, ਰੋਂਦੇ ਅਨੰਦ ਪੁਰ ਵਾਸੀ ਜਾਂਦੇ ਨਾ ਝੱਲੇ ਸੀ, ਗੁਰਾਂ ਨੂੰ ਨਹੀਓਂ ਮਿਲਣਾ ਵਿਛੜ ਹੁਣ ਚੱਲੇ ਸੀ। ਸਤਿਗੁਰ ਨੂੰ ਨਹੀਂ ਹੁਣ ਮਿਲਣਾ ॥੧॥ ਸਤਰਾ ਸੌ ਕਾਟ ਸੰਮਤ, ਪੰਦਰਾਂ ਪਰ ਮਘਰ ਸੀ, ਧਾਹੀਂ ਹੀ ਧਾਹੀਂ ਰੋਂਦੇ, ਸਾਰਾ ਪਰ ਨੱਗਰ ਸੀ, ਅੰਗ ਦਰਿਆ ਦੀ ਅਰਪਣ ਕੀਤਾ ਸਮੱਗਰ ਸੀ, ਮਾਈਆਂ ਦੇ ਰਥਾਂ ਨਾਲ ਦੋ ਸੌ ਸਿੱਖ ਚੱਲੇ

Digitized by Panjab Digital Library | www.panjabdigilib.org

ਸੀ, ਗੁਰਾਂ ਨੂੰ ਨਹੀਓਂ ਮਿਲਣਾ ਵਿਛੜ ਹੁਣ ਚੱਲੇ ਸੀ। ਸਤਿਗੁਰ ਨੂੰ ਨਹੀਂਓ ਮਿਲਣਾ ॥ ੨ ॥ ਫੌਜ ਔਰੰਗਜ਼ੇਬ ਦੀ, ਰਾਜੇ ਪਹਾੜੀ ਸੀ, ਗਊ ਕੁਰਾਨ ਵਾਲੀ ਕਸਮ ਤਾਂ ਪਾੜੀ ਸੀ, ਜਾਵੇ ਨਾ ਸਤਿ ਗੁਰ ਕਿਧਰੇ ਫੌਜ ਸਭ ਚਾੜ੍ਹੀ ਸੀ, ਧਰਤ ਅਕਾਸ਼ ਚਾਰੇ ਕੰਬੇ ਹੁਣ ਪੱਲੇ ਸੀ, ਸਤਿਗੁਰ ਨੂੰ ਨਹੀਂ ਹੁਣ ਮਿਲਣਾ ਵਿਛੜ ਤਾਂ ਚੱਲੇ ਸੀ, ਗੁਰਾਂ ਨੂੰ ਨਹੀਂ ਹੁਣ ਮਿਲਣਾ ।੩। ਛੋਟੇ ਦੋਇ ਸਾਹਿਬਜ਼ਾਦੇ ਮਾਈਆਂ ਵਹੀਰ ਸੀ, ਪੰਜ ਸੌ ਸਨਧ ਬਧ ਸਿਖ ਸੂਰਬੀਰ ਸੀ, ਵਡੇ ਦੋਇ ਸਾਹਿਬਜ਼ਾਦੇ ਗੋਲੀਆਂ ਤੀਰ ਸੀ, ਛਡ ਕੇ ਹਰਬਖਸ਼ ਮਹੰਤ ਸੇਵਾ ਲਈ ਹੱਲੇ ਸੀ, ਗੁਰਾਂ ਨੂੰ ਨਹੀਂਓ ਮਿਲਣਾ ਵਿਛੜ ਹੁਣ ਚੱਲੇ ਸੀ, ਸਤਿਗੁਰ ਨੂੰ ਨਹੀਂ ਹੁਣ ਮਿਲਣਾ ॥੪॥ ਅਧੀਂਓ ਉਪਰੰਤ ਰਾਤ ਪਿਆਰਿਓ ਢੱਲੀ ਸੀ, ਤੁਰਕਾਂ ਨੇ ਹੱਲਾ ਕੀਤਾ ਕਰਕੇ ਅਲੀ ਅਲੀ ਸੀ, ਲੜਦੇ ਸੀ ਸਿਖ ਬਹਾਦਰ ਧਰਕੇ ਸੀਸ ਤਲੀ ਸੀ, ਛਾਤੀਆਂ ਡਾਹਕੇ ਅੱਗੇ ਵੈਰੀ ਸਭ ਠੱਲੇ ਸੀ, ਗੁਰਾਂ ਨੂੰ ਨਹੀਂਓ ਮਿਲਣਾ ਵਿਛੜ ਹੁਣ ਚੱਲੇ ਸੀ। ਸਤਿਗੁਰ ਨੂੰ ਨਹੀਂਓ ਮਿਲਣਾ ॥ ੫ ॥ ਸਰਸਾ ਨਦੀ ਦੇ ਉਤੇ ਹੋਇਆ ਭਾਰੀ ਜੰਗ ਸੀ, ਸਾਹਿਬ ਅਜੀਤ ਸਿੰਘ ਛੱਡੇ ਤਰੰਗ ਸੀ, ਉਮਰ ਸਤਾਰਾਂ ਸਾਲ ਕਰਤੇ ਪਰ ਦੰਗ ਸੀ, ਖੇਰੂੰ ਪਰਵਾਰ ਹੋਇਆ ਦੁਸ਼ਮਣ ਪਰ ਥੱਲੇ ਸੀ । ਗੁਰਾਂ ਨੂੰ ਨਹੀਂਓ ਮਿਲਣਾ ਵਿਛੜ ਹੁਣ ਚੱਲੇ ਸੀ। ਸਤਿਗੁਰ ਨੂੰ ਨਹੀਂ ਹੁਣ ਮਿਲਣਾ ॥ ੬ ॥ ਫਤਿਹ ਸਿੰਘ ਜ਼ੋਰਾਵਰ ਸਿੰਘ ਛੋਟੇ ਦੁਲਾਰੇ ਸੀ, ਮਾਤਾ ਜੀ ਗੁਜਰੀ ਨਾਲ ਡਾਢੇ ਪਿਆਰੇ ਸੀ, ਵਹਿ ਪਏ ਸੀ ਵਿਚ ਨਦੀ ਦੇ ਲੱਗੇ ਕਨਾਰੇ ਸੀ, ਨਾਲ ਸੀ ਗੰਗੂ ਰਾਮ ਕੱਲੇ ਹੀ ਕੱਲੇ ਸੀ । ਗੁਰਾਂ ਨੂੰ ਨਹੀਂ ਹੁਣ ਮਿਲਣਾ ਵਿਛੜ ਹੁਣ ਚੱਲੇ ਸੀ, ਸਤਿ ਗੁਰ ਨੂੰ ਨਹੀਂ ਹੁਣ ਮਿਲਣਾ ॥੭॥ ਰੁਤ ਸਿਆਲ ਸਿਰ ਤੇ ਡਾਢਾ ਪਰ ਪਾਲਾ ਸੀ, ਘਾਗੀ ਸੀ ਵਗਦਾ ਹਾਇ ਸਰਸਾ ਪਰ

Digitized by Panjab Digital Library | www.panjabdigilib.org

ਨਾਲਾ ਸੀ, ਵਰ੍ਹਦਾ ਸੀ ਕੱਕਰ ਠੱਕਾ ਰੱਬ ਰਖਵਾਲਾ ਸੀ, ਦੁਸ਼ਮਣ ਦੇ ਕੰਨਾਂ ਵਿੱਚ ਸੁਣਦੇ ਪਰ ਹੱਲੇ ਸੀ, ਗੁਰਾਂ ਨੂੰ ਨਹੀਂਓ ਮਿਲਣਾ ਵਿਛੜ ਹੁਣ ਚੱਲੇ ਸੀ। ਸਤਿਗੁਰ ਨੂੰ ਨਹੀਂਓ ਮਿਲਣਾ ॥ ੮॥ ਸਤਿਗੁਰ ਦੇ ਨਾਲ ਲੰਘੇ ਸਿੱਖ ਪੰਜਾਹ ਸੀ, ਵਡੇ ਦੋਇ ਸਾਹਿਬ ਜ਼ਾਦੇ ਜਲਦਾ ਪਰਵਾਰ ਸੀ, ਨਾਲੇ ਦੇ ਵਿੱਚ ਉਸ ਦਿਨ ਪਾਣੀ ਅਕਾਹ ਸੀ, ਗੁਰਾਂ ਸਰਾਪ ਦਿੱਤਾ ਨਾਲੇ ਨੇ ਸੱਲੇ ਸੀ, ਸਤਿਗੁਰ ਨੂੰ ਨਹੀਂਓ ਮਿਲਣਾ ਵਿਛੜ ਹੁਣ ਚੱਲੇ ਸੀ। ਗੁਰਾਂ ਨੂੰ ਨਹੀਂਓ ਮਿਲਣਾ ॥ ੯ ॥ ਸਤਿਗੁਰ ਜੀ ਕਿਹਾ ਮੁਖੋਂ ਸਰਸੇ ਪਰ ਨਾਲੇ ਤੂੰ, ਕੀਤਾ ਪਰਵਾਰ ਖੇਰੂੰ ਕਾਲੇ ਮੂੰਹ ਵਾਲੇ ਤੂੰ, ਫੇਰ ਨਾ ਕਦੇ ਚੜ੍ਹੇਂਗਾ ਗੁਰੂ ਦੇ ਮਾਰੇ ਤੂੰ, ਨੱਥਾ ਸਿੰਘ ਕਹਿਣੇ ਏਦਾਂ ਘੋੜੇ ਹੁਣ ਠੱਲੇ ਸੀ। ਸਤਿਗੁਰ ਨੂੰ ਨਹੀਂ ਹੁਣ ਮਿਲਣਾ ਵਿਛੜ ਤਾਂ ਚੱਲੇ ਸੀ। ਗੁਰਾਂ ਨੂੰ ਨਹੀਂਓ ਮਿਲਣਾ ॥ ੧੦॥ ੯ ॥

ਦੋਹਿਰਾ:– ਭਾਵੀ ਬੜੀ ਅਮੇਟ ਹੈ ਟਾਲੀ ਕਦੇ ਨਾ ਜਾਇ ॥
ਲੱਖ ਉਪਾਉ ਕੀਜੀਏ ਫਿਰ ਭੀ ਸਿਰ ਤੇ ਆਇ ॥੧੦॥

ਹਾੜ੍ਹਾ ਛੰਦਃ–ਵਿਪਤਾ ਥੀਂ ਸਰਸਾ ਲੰਘੇ, ਸਿਖਾਂ ਤੇ ਆਈ ਤੰਗੀ, ਹੋ ਗਏ ਸ਼ਹੀਦ ਜੰਗੀ, ਭੁੱਲੀਂ ਭੁਲਾਈਂ ਨਾ। ਵਿਪਤਾ ਦੀਆਂ ਘੜੀਆਂ ਰੱਬਾ, ਲਾਲਾਂ ਤੇ ਲਿਆਈਂ ਨਾ। ਦੁੱਖਾਂ ਦੀਆਂ ਘੜੀਆਂ ਰੱਬਾ ॥ ੧ ॥ ਮਾਤਾ ਜੀ ਛੋਟੇ ਲਾਲ, ਗੰਗੂ ਰਸੋਈਆ ਨਾਲ, ਖੱਚਰ ਅਸ਼ਰਫੀਆਂ ਮਾਲ, ਤੁਰੇ ਹੁਣ ਜਾਂਦੇ ਹੈ। ਜੰਗਲਾਂ ਦੇ ਪੰਛੀ ਰੋਂਦੇ, ਝੱਲੇ ਨਾ ਜਾਂਦੇ ਹੈ। ਰੋਹੀ ਦੇ ਮਿਰਗ ਰੋਂਦੇ ॥੨॥ ਸੰਗਣੇ ਵਿੱਚ ਘਰ ਦੇ ਆਏ, ਰਹੇ ਸੀ ਭੁੱਖੇ ਤਿਹਾਏ, ਕਿਸੇ ਨਾ ਦੁੱਖ ਵੰਡਾਏ, ਸੂਲੀਂ ਲੰਘਾਈਂ ਨਾ। ਵਿਪਤਾ ਦੀਆਂ ਘੜੀਆਂ ਰੱਬਾ, ਬਾਲਾਂ ਤੇ ਲਿਆਈਂ ਨਾ। ਦੁੱਖਾਂ ਦੀਆਂ ਘੜੀਆਂ ਰੱਬਾ ॥ ੩॥ ਜੰਗਲ ਸੀ ਰੁੱਖਾਂ ਅੱਟਿਆ, ਸਾਰਾ ਦਿਨ ਲੁਕ ਕੇ ਕੱਟਿਆ,

Digitized by Panjab Digital Library | www.panjabdigilib.org

ਪੈਰ ਨਾ ਕਿਧਰੇ ਪੱਟਿਆ, ਭਾਣਾ ਮਨਾਂਦੇ ਹੈ। ਜੰਗਲ ਦੇ ਪੰਛੀ ਰੋਂਦੇ, ਝੱਲੇ ਨਾ ਜਾਂਦੇ ਹੈ। ਰੋਹੀ ਦੇ ਮ੍ਰਿਗ ਰੋਂਦੇ ॥ ੪ ॥ ਤੁਰਕ ਪਹਾੜੀਏ ਪਾਪੀ, ਫਿਰਦੇ ਪਏ ਆਪੋ ਧਾਪੀ, ਝਾੜਾਂ ਨੂੰ ਜਾਂਦੇ ਮਾਪੀ, ਮੱਥੇ ਲਗਾਈਂ ਨਾ। ਵਿਪਤਾ ਦੀਆਂ ਘੜੀਆਂ ਰੱਬਾ, ਬਾਲਾਂ ਤੇ ਲਿਆਈਂ ਨਾ। ਦੁੱਖਾਂ ਦੀਆਂ ਘੜੀਆਂ ਰੱਬਾ ॥ ੫ ॥ ਸੂਰਜ ਸੀ ਲੱਥਾ ਥੱਲੇ, ਪੰਛੀ ਵਲ ਆਲਣੇ ਚੱਲੇ, ਰਾਤ ਨੇ ਤਾਣੇ ਪੱਲੇ, ਸੋ ਦਰ ਰਲ ਗਾਂਦੇ ਹੈ, ਜੰਗਲ ਦੇ ਪੰਛੀ ਰੋਂਦੇ, ਝੱਲੇ ਨਾ ਜਾਂਦੇ ਹੈ। ਰੋਹੀ ਦੇ ਮਿਰਗ ਰੋਂਦੇ ॥੬॥ ਗੰਗੂ ਨੇ ਗਲ ਛੇੜੀ, ਨੇੜੇ ਮੇਰਾ ਪਿੰਡ ਹੈ ਖੇੜੀ, ਤਿਨ ਕੋਹ ਵਾਟ ਹੈ ਕਿਹੜੀ, ਦਗ਼ਾ ਕਮਾਈਂ ਨਾ। ਦੁੱਖਾਂ ਦੀਆਂ ਘੜੀਆਂ ਰੱਬਾ, ਬਾਲਾਂ ਤੇ ਲਿਆਈਂ ਨਾ। ਵਿਪਤਾ ਦੀਆਂ ਘੜੀਆਂ ਰੱਬਾ ॥ ੭ ॥ ਮਾਤਾ ਨੂੰ ਕਰ ਲਿਆ ਤਿਆਰ, ਖੱਚਰ ਤੇ ਕਰ ਅਸਵਾਰ, ਗੋਦੀ ਬਠਾ ਲਏ ਲਾਲ, ਚਾਲੇ ਹੁਣ ਪਾਂਦੇ ਹੈ। ਜੰਗਲਾਂ ਦੇ ਪੰਛੀ ਰੋਂਦੇ, ਝੱਲੇ ਨਾ ਜਾਂਦੇ ਹੈ। ਰੋਹੀ ਦੇ ਮ੍ਰਿਗ ਰੋਂਦੇ ॥ ੮ ॥ ਅਗੇ ਹੈ ਗੰਗੂ ਰਾਮ, ਬਣੂਗਾ ਨਿਮਕ ਹਰਾਮ, ਕਿਤੋਂ ਨਾ ਖਾਦਾ ਤੁਆਮ, ਬੇੜੇ ਰੁੜ੍ਹਾਈਂ ਨਾ। ਦੁੱਖਾਂ ਦੀਆਂ ਘੜੀਆਂ ਰੱਬਾ, ਲਾਲਾਂ ਤੇ ਲਿਆਈਂ ਨਾ। ਵਿਪਤਾ ਦੀਆਂ ਘੜੀਆਂ ਰੱਬਾ ॥੯॥ ਮਾਤਾ ਜੀ ਸੰਸਾ ਕਰਿਆ, ਗਲ ਤੱਕ ਪੇਟ ਹੈ ਭਰਿਆ, ਪਾਲੇ ਸੰਗ ਅੰਗ ਅੰਗ ਠਰਿਆ, ਵਾਟ ਮੁਕਾਂਦੇ ਹੈ। ਜੰਗਲ ਦੇ ਪੰਛੀ ਰੋਂਦੇ, ਝੱਲੇ ਨਾ ਜਾਂਦੇ ਹੈ। ਰੋਹੀ ਦੇ ਮ੍ਰਿਗ ਰੋਂਦੇ ॥ ੧੦ ॥ ਦੁਨੀਆਂ ਤੇ ਭੁੱਖ ਅਫਾਤ, ਲੰਘ ਗਈ ਸੀ ਡੂੰਘੀ ਰਾਤ, ਕੋਈ ਨਾ ਪੁੱਛਦਾ ਬਾਤ, ਏਦਾ ਰੁਲਾਈਂ ਨਾ। ਦੁੱਖਾਂ ਦੀਆਂ ਘੜੀਆਂ ਰੱਬਾ, ਲਾਲਾਂ ਤੇ ਲਿਆਈਂ ਨਾ। ਵਿਪਤਾ ਦੀਆਂ ਘੜੀਆਂ ਰੱਬਾ ॥੧੧॥ ਲਾਲ ਦੋਇ ਭੁੱਖੇ ਡੰਗ ਦੇ, ਮਾਤਾ ਤੋਂ ਰੋਟੀ ਮੰਗਦੇ, ਵੇਖੋ ਨਾ ਦਿਨ ਸੀ ਤੰਗ ਦੇ, ਡਾਢੇ ਘਬਰਾਂਦੇ ਹੈ। ਜੰਗਲਾਂ

Digitized by Panjab Digital Library | www.panjabdigilib.org

ਦੇ ਪੰਛੀ ਰੋਂਦੇ, ਝੱਲੇ ਨਾ ਜਾਂਦੇ ਹੈ। ਰੋਹੀ ਦੇ ਮ੍ਰਿਗ ਰੋਂਦੇ ॥੧੨॥ ਭਾਵੀ ਅੱਗੇ ਪੇਸ਼ ਨਾ ਜਾਏ, ਲਾਲਾਂ ਦੇ ਮੁੱਖ ਕੁਮਲਾਏ, ਨੀਂਦ ਤੇ ਭੁੱਖ ਬੰਦਲਾਏ, ਬੇੜਾ ਰੁੜਾਈਂ ਨਾ । ਦੁੱਖਾਂ ਦੀਆਂ ਘੜੀਆਂ ਰੱਬਾ, ਲਾਲਾਂ ਤੇ ਲਿਆਈਂ ਨਾ। ਵਿਪਤਾ ਦੀਆਂ ਘੜਾਂ ਰੱਬਾ ॥ ੧੩ ॥ ਗੰਗੂ ਮੰਗ ਲਿਆਇਆ ਰੋਟੀ, ਰੁੱਖੀ ਸੁੱਕੀ ਬੇਹੀ ਵੋਟੀ, ਹਉਕਾ ਲੈ ਮਾਤਾ ਤੇਟੀ, ਵੀਰ ਦੋਇ ਖਾਂਦੇ ਹੈ। ਜੰਗਲਾਂ ਦੇ ਪੰਛੀ ਰੋਂਦੇ, ਝੱਲੇ ਨਾ ਜਾਂਦੇ ਹੈ। ਰੋਹੀ ਦੇ ਮ੍ਰਿਗ ਰੋਂਦੇ ॥ ੧੪ ॥ ਝਾਕਾ ਇਹ ਵਿਪਤਾ ਭਰਿਆ, ਗੰਮਾਂ ਤੇ ਸੰਸਿਆਂ ਚਰਿਆ, ਜਾਂਦਾ ਬਿਆਨ ਨਾ ਕਰਿਆ, ਰੂਹਾਂ ਛਪਾਈਂ ਨਾ। ਦੁੱਖਾਂ ਦੀਆਂ ਘੜੀਆਂ ਰੱਬਾ, ਲਾਲਾਂ ਤੇ ਲਿਆਈਂ ਨਾ। ਵਿਪਤਾ ਦੀਆਂ ਘੜੀਆਂ ਰੱਬਾ॥੧੫॥ ਪੀੜਾਂ ਦੀ ਵਾਟ ਨਵੇੜੀ, ਨੱਥਾ ਸਿੰਘ ਦੱਸੇ ਕਿਹੜੀ, ਪਹੁੰਚੇ ਸੀ ਪਿੰਡ ਦੁਖੇੜੀ, ਪਹੁ ਫ਼ਟਾਂਦੇ ਹੈ। ਜੰਗਲਾਂ ਦੇ ਪੰਛੀ ਰੋਂਦੇ, ਝੱਲੇ ਨਾ ਜਾਂਦੇ ਹੈ। ਰੋਹੀ ਦੇ ਮ੍ਰਿਗ ਰੋਂਦੇ ॥੧੬॥ ੧੧ ॥

ਵਾਰਤਾਃ– ਗੰਗੂ ਦਾ ਮਾਇਆ ਵੇਖ ਕੇ ਬੇਈਮਾਨ ਹੋਣਾ ਤੇ ਆਪਣੀ ਮਾਤਾ ਨਾਲ ਸਾਹਿਬ ਜਾਦਿਆਂ ਤੇ ਮਾਤਾ ਗੁਜਰੀ ਜੀ ਨੂੰ ਜ਼ਹਿਰ ਦੇਣ ਦੀ ਰਾਇ ਕਰਨੀ, ਅਗੋਂ ਗੰਗੂ ਦੀ ਮਾਤਾ ਨੇ ਗੰਗੂ ਨੂੰ ਵਰਜਣਾ।

ਦੋਹਿਰਾਃ–
ਮਾਤਾ ਕਹਿੰਦੀ ਬੋਲਕੇ ਸੁਣ ਤੂੰ ਗੰਗਾ ਰਾਮ ॥
ਰਿਹਾ ਰਸੋਈਆ ਗੁਰੂਕਾ, ਹੋ ਨਾ ਨਿਮਕ ਹਰਾਮ ॥੧੧॥

ਕੋਰੜਾ ਛੰਦਃ– ਗੰਗੂ ਨੂੰ ਬਲਾਕੇ ਮਾਤਾ ਸਮਝੋਂਦੀ ਹੈ। ਦੁਸ਼ਟ ਕਰਮ ਕਰਨੋ ਹਟੌਂਦੀ ਹੈ। ਆਖੇ ਮੇਰੇ ਲਗ ਸੁਤਰ ਸੰਭਾਲ ਵੇ। ਗੰਗਾ ਰਾਮਾਂ ਮਾਰ ਨਾ ਗੁਰੂ ਕੇ ਲਾਲ ਵੇ ॥੧॥ ਬਾਲ ਬਿਰਧ ਬੁਢੀ ਉਤੇ ਕਰੇ ਵਾਰ ਹੈ। ਦੋਜ਼ਕਾਂ 'ਚਿ ਪੈਂਦੀ ਗੁਰਜਾਂ ਦੀ ਮਾਰ ਹੈ। ਕੁੰਭੀ ਨਰਕਾਂ ਚਿ ਕਰੇ ਹਾਲ ਹਾਲ ਵੇ। ਗੰਗਾ ਰਾਮਾ ਮਾਰ ਨਾ ਗੁਰਾਂ ਕੇ ਲਾਲ ਵੇ ॥੨॥ ਬਾਰਾਂ ਸਾਲ ਕੀਤੀ ਗੁਰੂ ਕੀ ਰਸੋਈ

Digitized by Panjab Digital Library | www.panjabdigilib.org

ਹੈ। ਲੋਕ ਪਰਲੋਕ ਮਿਲਣੀ ਨਾ ਢੋਈ ਹੈ। ਮੂੰਹ ਕਾਲਾ ਹੋਊ ਹੋਵੇਂਗਾ ਹਲਾਲ ਵੇ। ਗੰਗਾ ਰਾਮਾਂ ਮਾਰ ਨਾ ਗੁਰਾਂ ਕੇ ਲਾਲ ਵੇ। ੩॥ ਕਰੀਚਕ ਰਿਸ਼ੀ ਦਾ ਕਰ ਅਭਿਆਸ ਹੈ। ਤਿੱਤਰ ਬਚਾਇਆ ਤੇ ਵਢਾਇਆ ਮਾਸ ਹੈ। ਸ਼ਰਨ ਪਿਆਂ ਦੀ ਲਜਿਆ ਤੂੰ ਪਾਲ ਵੇ। ਗੰਗਾ ਰਾਮਾ ਮਾਰ ਨਾ ਗੁਰੂ ਕੇ ਲਾਲ ਵੇ॥ ੪ ॥ ਸੰਤਾਂ ਨੂੰ ਮਿਲ ਪਈ ਸੋਨੇ ਦੀ ਇਟ ਸੀ। ਨਾਲ ਤਿਨ ਗ੍ਰਿਸਤੀ ਉਹ ਗਏ ਫਿੱਟ ਸੀ। ਮਰ ਗਏ ਤਿੰਨੇ ਹੋਏ ਮੰਦੇ ਹਾਲ ਵੇ। ਗੰਗਾ ਰਾਮਾ ਮਾਰ ਨਾ ਗੁਰੂ ਕੇ ਲਾਲ ਵੇ॥ ੫ ॥ ਖੂਹ ਜਿਹੜਾ ਪੱਟੇ ਉਹਨੂੰ ਖਾਤਾ ਤਿਆਰ ਹੈ। ਕੰਦਲੀ ਬੁਢੀ ਨੇ ਪੁੱਤ ਲਿਆ ਮਾਰ ਹੈ। ਸੰਤਾਂ ਦੇ ਦੋਖੀ ਸਿਰ ਕੂਕੇ ਕਾਲ ਵੇ। ਗੰਗਾ ਰਾਮਾਂ ਮਾਰ ਨਾ ਗੁਰੂ ਕੇ ਲਾਲ ॥ ੬ ॥ ਹੰਸਾਂ ਦੀ ਸਰਨੀ ਇਕ ਆਇਆ ਕਾਂ ਸੀ। ਕੱਢ ਦਿੱਤਾਂ ਬਾਹਰ ਨਹੀਂ ਦਿੱਤਾ ਥਾਂ ਸੀ। ਰਾਣੀ ਕਰੋਪ ਹੋਕੇ ਸਭ ਦਿੱਤੇ ਬਾਲ ਵੇ। ਗੰਗਾ ਰਾਮਾਂ ਮਾਰ ਨਾ ਗੁਰੂ ਕੇ ਲਾਲ ਵੇ ॥੭॥ ਮਨਿਆਂ ਨਾ ਆਖਾ ਫੇਰ ਪਛਤਾਵੇਂਗਾ। ਪੰਡਤ ਦੀ ਕੁਲ ਕਾਲਖ ਲਗਾਵੇਂਗਾ। ਨੱਥਾ ਸਿੰਘ ਬਦੀ ਵਾਲਾ ਛਡ ਖਿਆਲ ਵੇ। ਗੰਗਾ ਰਾਮਾਂ ਮਾਰ ਨਾ ਗੁਰੂ ਕੇ ਲਾਲ ਵੇ॥ ੮ ॥ ੧੩ ॥

ਵਾਰਤਾ:—ਗੰਗੂ ਨੇ ਰਾਤ ਨੂੰ ਮੋਹਰਾਂ ਦੀਆਂ ਖੁਰਜੀਆਂ ਲਕੋਣੀਆਂ ਤੇ ਚੋਰ ਚੋਰ ਕਹਿਕੇ ਰੌਲਾ ਪੌਣਾ, ਮਾਤਾ ਜੀ ਨੇ ਚੁੱਪ ਕਰਾਉਣਾ, ਐਪਰ ਇਸ ਬੇਈਮਾਨ ਲਾਲਚ ਵਿੱਚ ਆਕੇ ਮਹਿੰਡੇ ਦੀ ਥਾਣੇ ਦਾਰ ਜਾਨੀ ਖਾਂ ਤੇ ਮਾਨੀ ਖਾਂ ਨੂੰ ਨਾਲ ਲੈਕੇ ਸਾਹਿਬ ਜਾਦਿਆਂ ਨੂੰ ਫੜਾ ਦੇਣਾ, ਤੇ ਉਨ੍ਹਾਂ ਨੇ ਸਰਹੰਦ ਵਿੱਚ ਲਿਜਾ ਵਜੀਦ ਖਾਂ ਸੂਬੇ ਦੇ ਹੁਕਮ ਨਾਲ ਠੰਡੇ ਬੁਰਜ ਵਿੱਚ ਕੈਦ ਕਰਨਾ।

ਦੋਹਿਰਾ:—
ਠੰਡੇ ਬੁਰਜ ਚਿ ਭੇਜਤੇ ਮਾਤਾ ਦੋਵੇਂ ਲਾਲ ॥
ਗਰਮ ਕਪੜੇ ਕੋਲ ਨਾ ਸਿਰ ਤੇ ਕੜਕੇ ਸਿਆਲ ।੧੪।

ਰੁਬਾਈਆ ਦਵੈਯੇ

ਦਾਦੀ ਦੋਹਾਂ ਪੋਤਿਆਂ ਤਾਈਂ, ਗੋਦੀ ਦੇ ਵਿੱਚ ਲੈਂਦੀ ਹੈ।

Digitized by Panjab Digital Library | www.panjabdigilib.org

ਘੁੱਟ ਘੁੱਟ ਸੀਨੇ ਨਾਲ ਲਗੌਂਦੀ, ਖੂੰਜੇ ਹੋ ਕੇ ਬਹਿੰਦੀ ਹੈ ॥
ਜਾਡਾ ਡਾਢਾ ਮੱਘਰ ਮਹੀਨਾ, ਠੁਰ ਠੁਰ ਕਰਦੇ ਬਾਲ ਦੋਵੇਂ ।
ਠੰਡਾ ਬੁਰਜ ਜੋਰ ਦਾ ਪਾਲਾ, ਬੁਕਲ ਲੈ ਲਏ ਲਾਲ ਦੋਵੇਂ ॥
ਦੇਵਣ ਲੱਗੀ ਸਿਖਿਆ ਤਾਈਂ, ਕੰਨ ਧਰ ਸੁਣੋ ਦੁਲਾਰਿਓ ਵੇ ।
ਕੀਮਾਂ ਕੀਮਾਂ ਕਤਲ ਹੋਇਓ, ਐਪਰ ਧਰਮ ਨਾ ਹਾਰਿਓ ਵੇ ॥
ਯਾਦ ਕਰੋ ਪੜਦਾਦੇ ਵਲੀਂ, ਦੇਗਾਂ ਵਿਚ ਉਬਾਲੇ ਸੀ ।
ਤੱਤੀ ਲੋਹ ਦੇ ਉਪਰ ਬੈਠੇ, ਤਨ ਤੇ ਪੈ ਗਏ ਛਾਲੇ ਸੀ ॥
ਤੱਤੇ ਰੇਤੇ ਕੜਛੇ ਭਰ ਭਰ, ਪਾਏ ਸੀ ਪਠਿਆਰੇ ਨੇ ।
ਛਾਲੇ ਫਿਸਦੇ ਪਾਣੀ ਵਗਦਾ, ਤਾਂ ਭੀ ਧਰਮ ਨਾ ਹਾਰੇ ਨੇ ॥
ਬਾਬਾ ਜੀ ਵੱਲ ਝਾਤੀ ਮਾਰੋ, ਪੰਡਤ ਭੁੱਬੀਂ ਰੋਏ ਸੀ ।
ਚੌਂਕ ਦਿੱਲੀ ਵਿੱਚ ਸੀਸ ਲੁਹਾਇਆ, ਹਿੰਦ ਦੀ ਚਾਦਰ ਹੋਏ ਸੀ ॥
ਭਾਈ ਮੱਤੀ ਦਾਸ ਦਿੱਲੀ ਵਿੱਚ, ਆਰੇ ਨਾਲ ਚਰਾ ਦਿੱਤਾ ।
ਭਾਈ ਦਿਆਲਾ ਦੇਗ ਉਬਲਦੀ, ਭੁੜਥਾ ਭੁੰਨ ਬਣਾ ਦਿੱਤਾ ॥
ਓਹੋ ਪਰਖ ਦਾ ਵੇਲਾ ਪੋਤਿਓ, ਅਜੇ ਤੁਸਾਂ ਤੇ ਆਇਆ ਏ ।
ਪਤਾ ਨਹੀਂ ਤਨ ਤੇ ਕੀ ਵਰਤੂ, ਕਹਿਰ ਦਾ ਬਦਲ ਛਾਇਆ ਏ ॥
ਵੇਖੋ ਪੋਤਿਓ ਧਰਮ ਨਾ ਹਾਰਿਓ, ਸਿਰ ਧੜ ਨਾਲ ਨਭਾ ਜਾਇਓ ।
ਰਹਿੰਦੀ ਦੁਨੀਆਂ ਤਾਂਈ ਜਗਤ ਤੇ ਰੋਸ਼ਨ ਨਾਮ ਕਰਾ ਜਾਇਓ ॥
ਨੱਥਾ ਸਿੰਘ ਜਿਹੇ ਕਵੀ ਮਸਤਾਨੇ, ਬਹਿ ਬਹਿ ਲਿਖਨ ਗੇ ਵਾਰਾਂ ਨੂੰ ।
ਸੁਣ ਸੁਣ ਸਰੋਤੇ ਰੋਣਗੇ ਬੁੱਕੀਂ, ਕਰ ਕਰ ਯਾਦ ਪਿਆਰਾਂ ਨੂੰ ॥

ਵਾਰਤਾਃ– ਕਾਜੀ ਮੁਲਾਣਿਆ ਦੀ ਭਰੀ ਕਚੈਹਰੀ ਵਿੱਚ ਵਜੀਦੇ ਨੇ ਸਾਹਿਬ-ਜ਼ਾਦਿਆ ਨੂੰ ਮੁਸਲਮਾਨੀ ਦੀਨ ਵਿੱਚ ਲਿਆਉਣ ਵਾਸਤੇ ਕਹਿਣਾ, ਬੇਗਮਾਂ ਤੇ ਸੂਬੇ ਦਾਰੀਆਂ ਦੇ ਲਾਲਚ ਦੇਣੇ, ਐਪਰ ਗੁਰੂ ਦੁਲਾਰਿਆ ਨੇ ਮੂੰਹ ਮੋੜਵਾਂ ਉਤਰ ਦੇਣਾ ।

ਦੋਹਿਰਾ:– ਕਹਿਣ ਵਜੀਦੇ ਖਾਨ ਨੂੰ ਸਤਿ ਗੁਰ ਜੀ ਦੇ ਲਾਲ ॥
ਧਰਮ ਕਦੇ ਨਾ ਹਾਰ ਦੇ ਸਿਰ ਤੇ ਕੜਕੇ ਕਾਲ ॥੧੬॥

Digitized by Panjab Digital Library | www.panjabdigilib.org

ਕੋਰੜਾ ਛੰਦ:– ਸਾਹਿਬਜ਼ਾਦੇ ਹੁਣ ਸੂਬੇ ਤਾਈਂ ਬੋਲਦੇ। ਡਰਦੇ ਨਾ ਮੂਲ ਹੈ ਕੁਫਰ ਤੋਲਦੇ। ਧਰਮੀਆਂ ਨੇ ਹੋਣਾ ਨੂਰੋ ਨੂਰ ਸੂਬਿਆ। ਦੀਨ ਤੇਰਾ ਨਹੀਂ ਮਨਜ਼ੂਰ ਸੂਬਿਆ ॥੧॥ ਕਰਕੇ ਤੇ ਪੁੱਠੇ ਧਰਤੀ 'ਚਿ ਗੱਡ ਦੇ। ਮਾਰ ਤਲਵਾਰ ਭਾਵੇਂ ਸੀਸ ਵੱਡ ਦੇ। ਖੜੇ ਤੇਰੇ ਕੋਲ ਨਹੀਂ ਦੂਰ ਸੂਬਿਆ। ਦੀਨ ਤੇਰਾ ਨਹੀਂ ਮਨਜ਼ੂਰ ਸੂਬਿਆ ॥ ੨ ॥ ਜਿਊਂਦਿਆਂ ਨੂੰ ਭਾਵੇਂ ਕੁਤਿਆਂ ਤੁੜਾ ਦੇ ਤੂੰ। ਸੂਲੀ ਤੇ ਵਿੰਨ੍ਹਾਂ ਤੇ ਚਰਖੜੀ ਚੜ੍ਹਾ ਦੇ ਤੂੰ। ਕੱਢ ਦੇ ਗਲੋਟੇ ਵਾਂਗੂ ਘੂਰ ਸੂਬਿਆ। ਦੀਨ ਤੇਰਾ ਨਹੀਂ ਮਨਜ਼ੂਰ ਸੂਬਿਆ ॥ ੩ ॥ ਮਾਰ ਮਾਰ ਗੋਲੀਆਂ ਸੀਨੇ ਪਰੁੰਨ ਦੇ। ਸਦ ਭਠਿਆਰੇ ਵਾਂਙ ਦਾਣਿਆਂ ਭੁੰਨ ਦੇ। ਬੋਟੀ ਬੋਟੀ ਕਰਦੇ ਜ਼ਰੂਰ ਸੂਬਿਆ। ਦੀਨ ਤੇਰਾ ਨਹੀਂ ਮਨਜ਼ੂਰ ਸੂਬਿਆ ॥੪॥ ਮਤੀ ਦਾਸ ਵਾਙ ਆਰੇ ਨਾਲ ਚੀਰ ਦੇ। ਕਰਦੇ ਦੋਫਾੜੇ ਦੋਹਾਂ ਦੇ ਸਰੀਰ ਦੇ। ਮਾਸ ਤੜਵਾਦੇ ਤੂੰ ਜੰਬੂਰ ਸੂਬਿਆ। ਦੀਨ ਤੇਰਾ ਨਹੀਂ ਮਨਜ਼ੂਰ ਸੂਬਿਆ ॥੫॥ ਤੇਲ ਪਾ ਕੇ ਮਿੱਟੀ ਦਾ ਲਵਾਦੇ ਅੱਗ ਤੂੰ। ਹਥੌੜੇ ਨਾਲ ਚਿਪ ਭਾਵੇਂ ਰੱਗ ਰੱਗ ਤੂੰ। ਭੰਨਕੇ ਤੇ ਕਰ ਚੂਰ ਸੂਬਿਆ। ਦੀਨ ਤੇਰਾ ਨਹੀਂ ਨਹੀ ਮਨਜ਼ੂਰ ਸੂਬਿਆ ॥੬॥ ਸਦ ਲੈ ਜਲਾਦ ਕਿਉਂ ਲਗਾਈਆਂ ਦੇਰੀਆਂ। ਲਾਲ ਲਾਲ ਅੱਖਾਂ ਹੋਣ ਸ਼ਾਂਤ ਤੇਰੀਆਂ। ਨੱਥਾ ਸਿੰਘ ਐਨਾ ਕਿਉਂ ਗਰੂਰ ਸੂਬਿਆ। ਦੀਨ ਤੇਰਾ ਨਹੀਂ ਮਨਜ਼ੂਰ ਸੂਬਿਆ ॥੬॥੧੭॥

ਵਾਰਤਾ:– ਵਜੀਦੇ ਦੇ ਘਰ ਆਉਣ ਤੇ ਬੇਗਮ ਨੇ ਰਾਇ ਕਰਨੀ ਕਿ ਮੈਂ ਗੁਰੂ ਜੀ ਦੇ ਲਾਲਾਂ ਨੂੰ ਸਮਝਾਵਾਂਗੀ, ਮੇਰੇ ਕਹਿਣ ਨਾਲ ਮੰਨ ਜਾਨ ਗੇ, ਵਜੀਦੇ ਦੇ ਮੰਨ ਜਾਣ ਤੇ ਬੇਗਨ ਨੇ ਲਾਲ ਸਦਣੇ, ਤੇ ਗੋਦੀ ਵਿਚ ਲੈਕੇ ਕਹਿਣਾ।

ਦੋਹਿਰਾ:– ਜੋਰਾਵਰ ਸਿੰਘ ਫਤਹਿ ਸਿੰਘ ਗੋਦੀ ਲਏ ਬਠਾਇ।
ਬੇਗਮ ਨਾਲ ਪਿਆਰ ਦੇ ਦੋਹਾਂ ਨੂੰ ਸਮਝਾਇਆ।

Digitized by Panjab Digital Library | www.panjabdigilib.org

## —:ਡੂਢਾ ਕੋਰੜਾ:—

ਬੇਗਮ ਪੁਕਾਰੇ ਗੁਰੂ ਕੇ ਦੁਲਾਰਿਆਂ ਨੂੰ, ਗੋਦੀ ਵਿਚ ਲੈਂਦੀ ਹੈ।
ਕੁੱਜੀ ਵਿੱਚ ਪਾਵੇ ਅਰਸ਼ੀ ਸਤਾਰਿਆਂਨੂੰ, ਮਿੱਠੇ ਬੋਲ ਕਹਿੰਦੀ ਹੈ।
ਬਕਰੇ ਦੇ ਵਾਂਙ ਹੋਵੋਂਗੇ ਹਲਾਲ ਜੀ, ਪਲ ਝਟ ਬਿੰਦ ਨੂੰ।
ਕਹਿਣਾ ਮੇਰਾ ਮੰਨੋ ਹੱਠ ਛਡੋ ਲਾਲ ਜੀ, ਨਾ ਗਵਾਓ ਜਿੰਦ ਨੂੰ।
ਵੇਖ ਵੇਖ ਅੱਖੀਂ ਚਾ ਵਿਆਹ ਲੋ ਹੂਰਾਂ ਨੂੰ, ਜੋ ਹੈ ਰੂਪ ਲਦੀਆਂ।
ਮਿੱਟੀ ਨਾ ਮਲਾਉ ਹੁਸਨ ਸਰੂਰਾਂ ਨੂੰ, ਮਾਣੋ ਨਿੱਤ ਗਦੀਆਂ।
ਦੌਲਤ ਦੇ ਨਾਲ ਹੋਵੇ ਮਾਲਾ ਮਾਲ ਜੀ, ਕਹਿ ਦਿਆਂਗੇ ਨਰਿੰਦ ਨੂੰ।
ਕਹਿਣਾ ਮੇਰਾ ਮੰਨੋ ਹੱਠ ਛਡੋ ਲਾਲ ਜੀ, ਨਾ ਗਵਾਓ ਜਿੰਦ ਨੂੰ।
ਮੁਗਲ ਘਰਾਨਿਆਂ ਚਿ ਕਰੋ ਬਹਾਰਾਂ ਨੂੰ, ਕੁਤਬ ਪੜ੍ਹਣ ਨੂੰ।
ਗਲਾਂ ਵਿਚ ਪਾਵੋ ਮਹਿਕਦਿਆਂ ਹਾਰਾਂ ਨੂੰ, ਪੀਨਸਾਂ ਚੜ੍ਹਣ ਨੂੰ।
ਮਨ ਵਿਚ ਕੱਢੋ ਸਿਖੀ ਦੇ ਖਿਆਲ ਜੀ, ਪਰੇ ਸਿਟੋ ਹਿੰਦ ਨੂੰ।
ਕਹਿਣਾ ਮੇਰਾ ਮਨੋ ਹੱਠ ਛਡੋ ਲਾਲ ਜੀ, ਨਾ ਗਵਾਓ ਜਿੰਦ ਨੂੰ।
ਪੁੱਤਾਂ ਵਾਂਙ ਕਰਾਂ ਤੁਸਾਂ ਦਾ ਪਿਆਰ ਮੈਂ, ਲਾਵਾਂ ਨਾਲ ਸੀਨੇ ਮੈਂ।
ਹੱਥ ਨਿੱਤ ਚੁੰਮਾਂ ਤੇ ਕਰਾਂ ਦੀਦਾਰ ਮੈਂ, ਝੱਲਾਂ ਨਾ ਪਸੀਨੇ ਮੈਂ।
ਅਤਰ ਫੁਲੇਲ ਛਿੜਕਾਂ ਗੁਲਾਲ ਜੀ, ਨਾ ਸਿਆਣਾ ਇੰਦ ਨੂੰ।
ਕਹਿਣਾ ਮੇਰਾ ਮਨੋ ਹੱਠ ਛਡੋ ਲਾਲ ਜੀ, ਨਾ ਗਵਾਓ ਜਿੰਦ ਨੂੰ।
ਮੁਖੜੇ ਤੁਹਾਡੇ ਫੁਲ ਜਿਉਂ ਗੁਲਾਬ ਦਾ, ਖੋਲ ਵਾਂਙ ਕੋਲ ਦੇ।
ਹੁਸਨ ਜਵਾਨੀ ਨੂਰ ਜਿਉਂ ਮਤਾਬ ਦਾ, ਕਿਉਂ ਮਿੱਟੀ ਚਿ ਰੋਲਦੇ।
ਡੁਲ੍ਹ ਡੁਲ੍ਹ ਪੈਂਦਾ ਹੁਸਨ ਜਮਾਲ ਜੀ, ਛੇੜੋਂ ਕਿਉਂ ਗਜਿੰਦ ਨੂੰ।
ਕਹਿਣਾ ਮੇਰਾ ਮਨੋ ਹੱਠ ਛਡੋ ਲਾਲ ਜੀ, ਨਾ ਗਵਾਓ ਜਿੰਦ ਨੂੰ।
ਫਤਵਾ ਲਗਾਇਆ ਨਿਵਾਂ ਚਿਜੜਨ ਦਾ, ਕਾਜੀਆਂ ਮੁਲਾਨਿਆਂ ਨੇ।
ਹੁਕਮ ਸਨੌਣਾ ਜਾਂ ਸੂਲੀ ਚੜ੍ਹਣ ਦਾ, ਦੋਜ਼ਖਾਂ 'ਚਿ ਜਾਣਿਆਂ ਨੇ।
ਸਿਰ ਉਤੇ ਗੇੜੇ ਮਾਰਦਾ ਹੈ ਕਾਲ ਜੀ, ਰੋਕਲੂ ਖਗਿੰਦ ਨੂੰ।

Digitized by Panjab Digital Library | www.panjabdigilib.org

ਕਹਿਣਾ ਮੇਰਾ ਮਨੋ ਹੱਠ ਛਡੋ ਲਾਲ ਜੀ,ਨਾ ਗਵਾਓ ਜਿੰਦ ਨੂੰ।
ਲੱਗੇ ਹੋਏ ਥਾਲ ਬੈਠਕਾਂ ਚਿ ਆਉਣਗੇ, ਹੈ ਛੱਤੀ ਨਿਆਮਤਾਂ।
ਸਿਰ ਉਤੇ ਛਤਰ ਝਲੌਣਗੇ, ਕਰਨਗੇ ਸਲਾਮਤਾਂ।
ਸੂਬੇਦਾਰੀ ਕੁਤਬੇ ਦੇਉ ਭੁਪਾਲ ਜੀ, ਗੁਜਰਾਤ ਸਿੰਧ ਨੂੰ।
ਕਹਿਣਾ ਮੇਰਾ ਮਨੋ ਹੱਠ ਛਡੋ ਲਾਲ ਜੀ, ਨਾ ਗਵਾਓ ਜਿੰਦ ਨੂੰ।
ਵੇਖਕੇ ਤੁਹਾਨੂੰ ਹੋਈ ਹਾਂ ਵੈਰਾਗਨ ਮੈਂ ,ਹੈ ਵਿਛੋੜਾ ਪਾਇਓ ਨਾ।
ਮਿਲਣ ਬਹਿਸ਼ਤਾਂ ਸਿੱਖੀਦੇ ਤਿਆਗਨ ਮੈਂ ,ਸਿਖਿਆ ਭੁਲਾਇਓਨਾ।
ਘਰ ਆਏ ਪਤੀ ਨੂੰ ਮੈਂ ਦੇਊਂ ਟਾਲ ਜੀ, ਵਰਜੂੰ ਫੁਨਿੰਦ ਨੂੰ।
ਕਿਹਣਾ ਮੇਰਾ ਮਨੋ ਹੱਠ ਛਡੋ ਲਾਲ ਜੀ, ਨਾ ਗਵਾਓ ਜਿੰਦ ਨੂੰ।
ਪੜ੍ਹ ਲਵੋ ਕਲਮਾਂ ਨਬੀ ਰਸੂਲ ਦਾ, ਸ਼ਰਾ ਜੋ ਪੈਗੰਬਰੀ।
ਨੱਥਾ ਸਿੰਘ ਸਬਕ ਇਹ ਮਡ ਮੂਲ ਦਾ, ਮੌਜਾਂ ਮਾਣਿਓ ਅੰਬਰੀ।
ਹਰਾ ਭਰਾ ਹੋਵੇ ਮੇਰਾ ਵਾਲ ਵਾਲ ਜੀ ,ਜਿਤੀਏ ਸੁਰਿੰਦ ਨੂੰ।
ਕਹਿਣਾ ਮੇਰਾ ਮਨੋ ਹੱਠ ਛਡੋ ਲਾਲ ਜੀ, ਨਾ ਗਵਾਓ ਜਿੰਦ ਨੂੰ।

ਦੋਹਿਰਾ:– ਸਾਹਿਬਜ਼ਾਦੇ ਬੋਲਦੇ ਸੁਣ ਮਾਤਾ ਜੀ ਗਲ।
ਧਰਮ ਕਦੇ ਨਾ ਤਿਆਗੀਏ ਲਹਿ ਜਾਇ ਪੁਠੀ ਖਲ।੨੦

ਕੋਰੜਾ ਛੰਦ:– ਬੋਲਦੇ ਦੁਲਾਰੇ ਗਲ ਸੁਣੋ ਮਾਤਾ ਜੀ। ਏਸੇ ਤਰਾਂ ਧੁਰੋਂ ਲਿਖੀ ਹੈ ਬਿਧਾਤਾ ਜੀ। ਕੀਮਤ ਨਾ ਪੈਣੀ ਏਸ ਹਡ ਚੰਮ ਦੀ। ਸਾਨੂੰ ਮਨਜੂਰ ਨਾ ਸ਼ਰਾ ਮੁਹੰਮ ਦੀ ॥੧॥ ਧਰਮ ਦੀਆਂ ਵੇਲਾਂ ਦਰਗਾਹ ਚਿ ਹਰੀਆਂ। ਧਰਮੀ ਦੇ ਪੈਰ ਚੁੰਮਦੀਆਂ ਪਰੀਆਂ। ਥਰ ਥਰ ਜਾਨ ਕੰਬਦੀ ਹੈ ਜੰਮਦੀ । ਸਾਨੂੰ ਮਨਜੂਰ ਨਾ ਸ਼ਰਾ ਮੁਹੰਮ ਦੀ ॥੨॥ ਧਰਮੀਂ ਦੇ ਰਾਹੀਂ ਝਾੜੂ ਦੇਣ ਹੂਰਾਂ ਹੈ। ਧਰਮੀਂ ਨੂੰ ਸੂਲੀ ਉਤੇ ਭੀ ਸਰੂਰਾਂ ਹੈ। ਧਰਮੀਆਂ ਨੂੰ ਦੇਖਕੇ ਭੀ ਮੌਤ ਕੰਮਦੀ। ਸਾਨੂੰ ਮਨਜੂਰ ਨਾ ਸ਼ਰਾ ਮੁਹੰਮ ਦੀ ॥੩॥ ਦਾਦੀ ਜੀ ਨੇ ਰਾਤੀਂ ਸਾਨੂੰ ਦਿਤੀ ਸਿਖਿਆ। ਅਖਰ ਅੱਖਰ ਸੀਨੇ ਵਿਚ ਲਿਖਿਆ।

Digitized by Panjab Digital Library | www.panjabdigilib.org

ਕਦੇ ਨਾ ਭੁਲਾਈਏ ਅੱਗ ਫੂਕੇ ਲੰਮ ਦੀ। ਸਾਨੂੰ ਮਨਜ਼ੂਰ ਨਾਂ ਸ਼ਰਾ ਮੁਹੰਮਦੀ ॥੪॥ ਜਿਵੇਂ ਸਾਨੂੰ ਰਾਤੀਂ ਦਾਦੀ ਨੇ ਪਿਆਰਿਆ। ਓਸਾ ਪਿਆਰ ਤੇਰਾ ਮਾਤਾ ਦਿਲ ਧਾਰਿਆ। ਤੇਰੀ ਗੋਦ ਵਿੱਚ ਨਹੀਂ ਦੇਹੀ ਅੰਬ ਦੀ। ਸਾਨੂੰ ਮਨਜ਼ੂਰ ਨਾ ਸ਼ਰਾ ਮੁਹੰਮ ਦੀ ॥੫॥ ਤੱਤੇ ਰੇਤੇ ਦਾਦਾ ਜੀ ਪਿੰਡੇ ਪੁਆਏ ਸੀ। ਦੇਗਾਂ 'ਚਿ ਉਬਾਲੇ ਲੋਹਾਂ ਤੇ ਤਪਾਏ ਸੀ। ਹਾਰੇ ਨਾ ਧਰਮ ਸੀ ਧਰਤ ਕੰਬਦੀ। ਸਾਨੂੰ ਮਨਜ਼ੂਰ ਨਾ ਸ਼ਰਾ ਮੁਹੰਮ ਦੀ ॥੬॥ ਬਾਬਾ ਜੀ ਸੀਸ ਦਿੱਲੀ'ਚਿ ਲਵਾਇਆ ਸੀ। ਰੋਂਦੇ ਪੰਡਤਾਂ ਨੂੰ ਛਾਤੀ ਨਾਲ ਲਾਇਆ ਸੀ। ਹਿੰਦੂਆਂ ਦੇ ਸਿਰੋਂ ਪੰਡ ਲਾਹੀ ਗੰਮ ਦੀ। ਸਾਨੂੰ ਮਨਜ਼ੂਰ ਨਾ ਸ਼ਰਾ ਮੁਹੰਮ ਦੀ ॥੭॥ ਭਾਈ ਦਿਆਲਾ ਵਿੱਚ ਦੇਗ ਦੇ ਉਬਾਲਿਆ। ਛਡਿਆ ਨਾ ਧਰਮ ਭੁੰਨ ਭੁੰਨ ਬਾਲਿਆ। ਬੋਟੀ ਬੋਟੀ ਹੋ ਗਈ ਭੁੱਜ ਹਡ ਚੰਮ ਦੀ। ਸਾਨੂੰ ਮਨਜ਼ੂਰ ਨਾ ਸ਼ਰਾ ਮੁਹੰਮਦੀ।੮॥ ਆਰੇ ਨਾਲ ਚੀਰਿਆ ਸੀ ਮੱਤੀ ਦਾਸ ਨੂੰ। ਧਰਮ ਨਬਾਇਆ ਮੰਨਿਆਂ ਨਾ ਤਰਾਸ ਨੂੰ। ਆਰੇ ਉਤੇ ਜਾਵੇ ਰੱਤ ਮਿੱਜ ਜੰਮ ਦੀ। ਸਾਨੂੰ ਮਨਜ਼ੂਰ ਨਾ ਸ਼ਰਾ ਮੁਹੰਮ ਦੀ ॥ ੯ ॥ ਘੜਿਆ ਜੋ ਭਾਂਡਾ ਇਕ ਦਿਨ ਭਜਨਾ। ਨੱਥਾ ਸਿੰਘਾ ਕਾਲ ਦਾ ਨਗਾਰਾ ਵਜਨਾ। ਕਾਹਦੀ ਮੁਨਿਆਦ ਹੈ ਬੰਦੇ ਦੇ ਦੰਮਦੀ। ਸਾਨੂੰ ਮਨਜ਼ੂਰ ਨਾ ਸ਼ਰਾ ਮੁਹੰਮਦੀ ॥੧੦॥੨੧॥

ਦੋਹਿਰਾ:— ਜਦੋਂ ਵਜੀਦਾ ਆ ਗਿਆ, ਬੇਗਮ ਬੈਠੀ ਪਾਸ।
ਹੱਥ ਜੋੜਕੇ ਆਖਦੀ, ਪਤੀ ਜੀ ਇਹ ਅਰਦਾਸ ॥੨੨॥

ਕਬਿਤ ਕੋਰੜਾ:— ਮੁਖੋਂ ਬੇਗਮ ਪੁਕਾਰੇ, ਉਚੀ ਰੋ ਰੋ ਧਾਹਾਂ ਮਾਰੇ, ਨੈਣੀ ਵਗਦੇ ਫਵਾਰੇ, ਗਲ ਹੈ ਕਰੋੜ ਦੀ। ਮਾਰ ਨਾ ਪਤੀ ਜੀ ਦਾਸੀ ਹੱਥ ਜੋੜਦੀ ॥੧॥ ਵੇਖ ਕੁਕੜੀ ਦੇ ਵੱਲ, ਡਾਢਾ ਪੁਤਰਾਂ ਦਾ ਸੱਲ, ਜਦੋਂ ਇਲ ਆਵੇ ਚੱਲ, ਕਰਦੀ ਸੰਭਾਲ ਵੇ। ਮਾਰ ਨਾ ਪਤੀ ਜੀ ਤੂੰ ਗੁਰੂ ਕੇ ਲਾਲ ਵੇ ॥੨॥ ਪਾਣੀ ਲੈਣ ਗਿਆ

Digitized by Panjab Digital Library | www.panjabdigilib.org

ਸੁੱਤ, ਮੋਇਆ ਸਰਬਣ ਪੁੱਤ. ਮਾਈ ਬਾਪ ਬਣੇ ਬੁੱਤ, ਵਹਿੰਗੀ ਰਾਹ ਵਿਛੋੜ ਦੀ। ਮਾਰ ਨਾ ਪਤੀ ਜੀ ਦਾਸੀ ਹੱਥ ਜੋੜਦੀ ॥੩॥ ਬੱਚਾ ਬਾਂਦਰੀ ਦਾ ਮਰੇ, ਨਹੀਂ ਕਰੇ ਬਿੰਦ ਪਰੇ, ਨਾ ਵਿਛੋੜਾ ਪਲ ਜਰ੍ਹੇ, ਕਰ ਤੂੰ ਖਿਆਲ ਵੇ। ਮਾਰ ਨਾ ਪੱਤੀ ਜੀ ਤੂੰ ਗੁਰੂਕੇ ਲਾਲ ਵੇ ॥੪॥ ਬੱਚਾ ਸ਼ੇਰਨੀ ਗਵਾਵੇ, ਰੋ ਰੋ ਜੰਗਲ ਰੁਆਵੇ, ਪਲ ਧੀਰਜ ਨਾ ਪਾਵੇ, ਪਿਆਰ ਨਾ ਤਰੋੜਦੀ। ਮਾਰੀਂ ਨਾ ਪਤੀ ਜੀ ਦਾਸੀ ਹੱਥ ਜੋੜਦੀ ॥੫॥ ਖੂੰਜੇ ਹਰਨੀ ਦਾ ਬੱਚਾ, ਟੁੱਟ ਜਾਵੇ ਫਲ ਕੱਚਾ, ਮੇਰਾ ਕਹਿਣਾ ਜਾਣ ਸੱਚਾ, ਨੈਣੀ ਵਗੇ ਖਾਲ ਵੇ। ਮਾਰੀਂ ਨਾ ਪਤੀ ਜੀ ਤੂੰ ਗੁਰੂ ਕੇ ਲਾਲ ਵੇ ॥੬॥ ਪੁੱਤ ਸੌਂ ਜਾਵੇ ਬਿੰਦ, ਔਖੀ ਹੋਵੇ ਮਾਂ ਦੀ ਜਿੰਦ, ਕਦੋਂ ਜਾਗੂ ਮੇਰਾ ਇੰਦ, ਫਿਰੇ ਜਿੰਦ ਤੋੜਦੀ। ਮਾਰੀਂ ਨਾ ਪਤੀ ਜੀ ਦਾਸੀ ਹੱਥ ਜੋੜਦੀ ॥੭॥ ਜਾਓ ਸੂਈ ਕੁੱਤੀ ਕੋਲ, ਮਾਰੋ ਇੱਕ ਜਾ ਕੇ ਬੋਲ, ਉਹ ਤਾਂ ਆਵੇ ਅਣ ਭੌਲ, ਕਰੇ ਹਾਲ ਹਾਲ ਵੇ। ਮਾਰੀਂ ਨਾ ਪਤੀ ਜੀ ਤੂੰ ਗੁਰੂ ਕੇ ਲਾਲ ਵੇ ॥੮॥ ਜਿਦਾਂ ਤੇਰੀ ਫਰਜ਼ੰਦ, ਹੋਵੇ ਵੇਖਕੇ ਅਨੰਦ, ਓਦੂੰ ਸੋਹਣੇ ਦੋਵੇਂ ਚੰਦ, ਤੇਰਾ ਭਲਾ ਲੋੜਦੀ। ਮਾਰੀਂ ਨਾ ਪੱਤੀ ਜੀ ਦਾਸੀ ਹੱਥ ਜੋੜਦੀ ॥੯॥ ਪੁੱਤ ਮਾਪਿਆਂ ਦਾ ਗਹਿਣਾ, ਪੀਆ ਮੰਨ ਲੈ ਤੂੰ ਕਹਿਣਾ, ਨੱਥਾ ਸਿੰਘਾ ਸੁਖ ਲੈਣਾ, ਮਨੋਂ ਬਚੀ ਟਾਲ ਵੇ। ਮਾਰੀਂ ਨਾ ਪੱਤੀ ਜੀ ਤੂੰ ਗੁਰੂ ਕੇ ਲਾਲ ਵੇ ॥੧੦॥੨੩॥

ਦੋਹਿਰਾ:—
ਦਾਦੀ ਚਰਨੀ ਢੈ ਪਏ ਦੋਵੇਂ ਦੁਲਾਰੇ ਆਨ।
ਆਗਿਆ ਤਾਈਂ ਮੰਗਦੇ ਕਰਕੇ ਸੁਣੋ ਧਿਆਨ ॥੨੪॥

ਕੋਰੜਾ ਛੰਦ:—ਜੋਰਾਵਰ ਸਿੰਘ ਫਤਹਿ ਸਿੰਘ ਲਾਡਲੇ। ਤੁਰਨ ਦੇ ਲਈ ਹੋ ਗਏ ਸੀ ਉਤਾਵਲੇ। ਮੱਚ ਦਾ ਨਾ ਦੀਵਾ ਸਾਹਮਣੇ ਭੁਜੰਗ ਦੇ। ਮਾਤਾ ਵਿਦਿਆ ਦੇ ਦੁਲਾਰੇ ਵਿਦਿਆ ਮੰਗਦੇ ॥੧॥ ਨੌਂ ਸਤ ਸਾਲ ਗੋਦੀ ਲਈਆਂ ਲੋਰੀਆਂ। ਨਿਬੇਗਾ ਧਰਮ ਤਨ ਹੋ

Digitized by Panjab Digital Library | www.panjabdigilib.org

ਜਾਏ ਪੋਰੀਆਂ । ਰਚਿਆ ਸਿਦਕ ਵਿੱਚ ਅੰਗ ਅੰਗ ਦੇ । ਮਾਤਾ ਵਿਦਿਆ ਦੇ ਦੁਲਾਰੇ ਵਿਦਿਆ ਮੰਗਦੇ ॥੨॥ ਕਰਾਂ ਕਬੂਲ ਦੀਨ ਨਾ ਮੁਹੰਮਦੀ । ਲੋਹਾ ਢਾਲ ਦੇਊ ਫੂਕਣੀ ਇਹ ਚੰਮ ਦੀ । ਸਰਸਾ 'ਚਿ ਸਿਖ ਰੁੜੇ ਭਾਣੇ ਭੰਗ ਦੇ । ਮਾਤਾ ਵਿਦਿਆ ਦੇ ਦੁਲਾਰੇ ਵਿਦਿਆ ਮੰਗਦੇ ॥ ੩ ॥ ਸਿੰਘ ਸੂਰੇ ਕਦੇ ਨਾ ਮੈਦਾਨੋ ਭਜਦੇ । ਬੋਟੀ ਬੋਟੀ ਹੁੰਦੇ ਤੇ ਪਰਾਨ ਤਜ ਦੇ । ਜੂਝ ਦੇ ਬਹਾਦਰ ਹੈ ਵਿੱਚ ਜੰਗ ਦੇ । ਮਾਤਾ ਵਿਦਿਆ ਦੇ ਦੁਲਾਰੇ ਵਿਦਿਆ ਮੰਗਦੇ ॥ ੪ ॥ ਮੁੜ ਵਿਚ ਆਉਣਾ ਨਾ ਠੰਡੇ ਬੁਰਜ ਦੇ । ਖਾਲਸਾ ਉਜਾੜੂ ਗਾ ਨਾਲ ਗੁਰਜ ਦੇ । ਸੂਲੀ ਉਤੇ ਸੂਬਾ ਭਾਵੇਂ ਪੁੱਠੇ ਟੰਗ ਦੇ । ਮਾਤਾ ਵਿਦਿਆ ਦੇ ਦੁਲਾਰੇ ਵਿਦਿਆ ਮੰਗਦੇ ॥ ੫ ॥ ਸਾਂਭਣੀਆਂ ਕਿਸੇ ਨਹੀਂ ਜਿੰਦੇ ਕੁੰਜੀਆਂ । ਮਾੜੀਆਂ ਅਟਾਰੀਆਂ ਸੁੰਞਮ ਸੁੰਞੀਆਂ । ਹੱਥੀਂ ਬਾਣੇ ਮਾਤਾ ਜੀ ਸ਼ਹੀਦੀ ਰੰਗ ਦੇ । ਮਾਤਾ ਵਿਦਿਆ ਦੇ ਦੁਲਾਰੇ ਵਿਦਿਆ ਮੰਗਦੇ ॥ ੬ ॥ ਸਾਡੀ ਯਾਦ ਵਿੱਚ ਹੈ ਦੀਵਾਨ ਲਗਣਗੇ । ਇੱਟ ਇੱਟ ਖੜਕੂ ਹਲ ਵਗਨ ਗੇ । ਛੇਤੀ ਸਮਾਂ ਆ ਜਾਊ ਨਹੀਂ ਸਾਲ ਲੰਘ ਦੇ । ਮਾਤਾ ਵਿਦਿਆ ਦੇ ਦੁਲਾਰੇ ਵਿਦਿਆ ਮੰਗਦੇ ॥੭॥ ਸੱਚ ਖੰਡ ਵਿਚੋਂ ਤੁਰ ਪਏ ਬਬਾਨ ਹੈ । ਮਾਤਾ ਤੂੰ ਭੀ ਨਾਲ ਹੋਵਣਾ ਰਵਾਨ ਹੈ । ਦੇਵਤੇ ਚਰੋਕਣੇ ਦਰਸ ਮੰਗਦੇ । ਮਾਤਾ ਵਿਦਿਆ ਦੇ ਦੁਲਾਰੇ ਵਿਦਿਆ ਮੰਗਦੇ ॥੮॥ ਤੋਰ ਮਾਤਾ ਦਰਗਾਹ 'ਚਿ ਮੇਲੇ ਹੋਣ ਗੇ । ਹਰ ਸਾਲ ਏਸ ਦਿਨ ਸਿੱਖ ਰੋਣਗੇ । ਭੁੱਲ ਚੁਕ ਹੋਈ ਜੋ ਮੁਆਫੀ ਮੰਗਦੇ । ਮਾਤਾ ਵਿਦਿਆ ਦੇ ਦੁਲਾਰੇ ਵਿਦਿਆ ਮੰਗਦੇ ॥੯॥ ਚਰਨ ਦੇ ਉਤੇ ਮਸਤਕ ਧਰਕੇ । ਹੋ ਗਏ ਲਾਲ ਤਿਆਰ ਅਰਦਾਸ ਕਰਕੇ । ਨੱਥਾ ਸਿੰਘ ਫਨੀਅਰ ਨੂਕ ਡੰਗ ਦੇ । ਮਾਤਾ ਵਿਦਿਆਂ ਦੇ ਦੁਲਾਰੇ ਵਿਦਿਆ ਮੰਗਦੇ ॥੧੦॥੨੫॥

ਵਾਰਤਾ:—ਵਜੀਦੇ ਨੇ ਬੇਗਮ ਦਾ ਕਹਿਣਾ ਮੰਨ ਲੈਣਾ । ਜਦ ਸਵੇਰੇ ਕਢੇਂਗੇ ਪੁਜਣਾ,

Digitized by Panjab Digital Library | www.panjabdigilib.org

ਵਾਰਤਾ:- ਵਜੀਦੇ ਨੇ ਬੇਗਮ ਦਾ ਕਹਿਣਾ ਮੰਨ ਲੈਣਾ। ਜਦ ਸਵੇਰੇ ਕਚੈਰੀ ਪੁਜਣਾ ਕਾਜੀਆਂ ਮੁਲਾਣਿਆਂ ਨੇ ਜੋਰ ਦੇਕੇ ਸਾਹਿਬਜਾਦਿਆਂ ਨੂੰ ਨਿਵਾਂ ਵਿੱਚ ਚਿਨਣ ਦਾ ਹੁਕਮ ਕਰਾ ਦੇਣਾ।

**ਦੋਹਿਰਾ:- ਨਿਉਂ ਪਟਾ ਲਈ ਜਾਲਮਾਂ ਘੁਗ ਵਸਦਾ ਸਰਹੰਦ।**
**ਵਿੱਚ ਖੜੇ ਸੀ ਕਰ ਲਏ ਸਤਿਗੁਰ ਦੇ ਫਰਜੰਦ ॥੨੬॥**

ਝੋਕ ਛੰਦ:- ਡੂੰਗੀ ਜਹੀ ਨਿਉਂ ਪਟਵਾਕੇ ਦੇ ਲਿਆ ਹੁਣ ਵਾਰ ਸੀ। ਫਤਿਹ ਸਿੰਘ ਜੋਰਾਵਰ ਸਿੰਘ ਲਏ ਘਲਿਆਰ ਸੀ, ਬੈਠੀ ਚੰਡਾਲ ਚੌਂਕੜੀ ਪਹਿਰਾ ਤਲਵਾਰ ਸੀ, ਖਲਕਤ ਦੀ ਅੱਖ ਅੱਖ ਹਾਇ ਨੀਰ ਪਿਆ ਚੋਂਦੀ ਹੈ, ਰਾਜ ਸੀ ਇੱਟਾਂ ਲਾਂਉਦੇ ਖਲਕਤ ਪਈ ਰੋਂਦੀ ਹੈ, ਰਾਜ ਸੀ ਇੱਟਾਂ ਲਾਂਉਦੇ ॥੧॥ ਤੇਸੀ ਕਰੰਡੀ ਫੜਕੇ ਬਹਿ ਗਏ ਮਿਹਮਾਰ ਸੀ, ਚੂਨਾ ਸੀਮਿੰਟ ਇੱਟਾਂ ਆਂਉਦਾ ਤਿਆਰ ਸੀ, ਘੜ ਘੜ ਕੇ ਲਾਈ ਜਾਂਦੇ, ਕੁੱਝ ਨਾ ਅਖਤਿਆਰ ਸੀ, ਹੰਝੂਆਂ ਦੇ ਹਾਰ ਐਪਰ ਰਗ ਰਗ ਪਰੋਂਦੀ ਹੈ, ਰਾਜ ਸੀ ਇਟਾਂ ਲਾਂਉਦੇ ਖਲਕਤ ਪਈ ਰੋਂਦੀ ਹੈ ।੨॥ ਜਿਉਂ ਜਿਉਂ, ਪਈ ਉਚੀ ਹੁੰਦੀ ਜਾਂਦੀ ਉਸਾਰੀ ਹੈ, ਲਾਲਾਂ ਦੇ ਨੈਣਾ ਵਿੱਚ ਆਂਉਦੀ ਖੁਮਾਰੀ ਹੈ ਲਾਟਾਂ ਵਾਙੂ ਮਸਤਕ ਦਗਦੇ ਭਖਦੀ ਅੰਗਿਆਰੀ ਹੈ, ਝਾਕੀ ਇਹ ਦਰਦੀ ਸੀਨੇ ਕੋਹ ਕੋਹ ਪਈ ਕੋਂਹਦੀ ਹੈ, ਰਾਜ ਸੀ ਇੱਟਾਂ ਲਾਂਉਦੇ ਖਲਕਤ ਪਈ ਰੋਂਦੀ ਹੈ ॥੩॥ ਸੂਬੇ ਦੀ ਬੇਗਮ ਕੋਲ ਗਈ ਇਕ ਗੋਲੀ ਸੀ, ਨਿਵਾਂ ਵਿਚ ਚਿਨਣ ਵਾਲੀ ਝਾਕੀ ਸਭ ਬੋਲੀ ਸੀ, ਬੇਗਮ ਦੇ ਸੀਨੇ ਵਿੱਚ ਵੱਜੀ ਹਾਇ ਗੋਲੀ ਸੀ, ਪੱਟ ਪੱਟ ਕੇ ਮੀਡਆਂ ਸਿਰ ਤੋਂ ਬੇਗਮ ਹੁਣ ਖੋਂਦੀ ਹੈ, ਰਾਜ ਸੀ ਇੱਟਾ ਲਾਉਂਦੇ ਖਲਕਤ ਪਈ ਰੋਂਦੀ ਹੈ ॥੪॥ ਸਾਕਾ ਇਹ ਦਰਦ ਦਾ ਭਰਿਆ, ਜਾਂਦਾ ਨਾ ਸੁਣਿਆ ਸੀ, ਛਾਨਣੀ ਵਾਂਙ ਸੀਨਾ ਗਿਆ ਪਰ ਪੁਣਿਆਂ ਸੀ, ਪੀੜਾਂ ਤੇ ਚੋਬਾਂ ਚਸਕਾ ਹਿਰਦੇ ਨੂੰ ਚੁਣਿਆਂ ਸੀ, ਹਾਲਤ ਹੋਈ ਵਾਂਙ ਸੁਦਾਈਆਂ ਮੋਈ ਨਾ ਜਿਓਂਦੀ ਹੈ ਰਾਜ ਸੀ ਇੱਟਾਂ ਲਾਉਂਦੇ ਖਲਕਤ ਪਈ ਰੋਂਦੀ ਹੈ ॥੫॥ ਰਾਜਾ ਮਲੇਰ ਕੋਟਲੀ ਬਹਿ ਗਿਆ ਜਾ ਗੁੱਠੇ ਸੀ ਦਰਦ ਮਾਸੂਮਾਂ ਵਾਲੀ ਸੀਨੇ ਨੂੰ ਕੁੱਠੇ ਸੀ, ਨੈਣੀ ਨਾ ਦੇਖੇ ਜਾਂਦੇ, ਲੂੰ ਲੂੰ ਖੜ ਉਠੇ ਸੀ, ਸੀਸ ਵਿਚ ਗੋਡਿਆਂ ਘਤਿਆ ਠੋਡੀ ਫੜਫੋਂਦੀ ਹੈ, ਰਾਜ ਸੀ ਇੱਟਾਂ ਲਾਉਂਦੇ ਖਲਕਤ ਪਈ ਰੋਂਦੀ ਹੈ ॥੬॥ ਮਾਤਾ ਜੀ ਗੁਜਰੀ ਤਾਂਈ ਖਬਰ ਕਿੱਸੇ ਦੱਸੀ ਹੈ, ਚੜ੍ਹ ਗਈ ਸੀ ਬੁਰਜ ਦੇ ਉਤੇ, ਹੋ ਗਈ ਬੇ ਬੱਸੀ ਹੈ, ਗੁਜਰੀ ਉਜਰੀ ਵਾਲੇ ਬਚਨਾ ਨੇ ਫੱਸੀ ਹੈ, ਨਿਗਾਹ ਕਚੈਰੀ ਵਲ ਕਰਕੇ ਖੜੋਂਦੀ ਹੈ' ਰਾਜ ਸੀ ਇੱਟਾਂ ਲਾਉਂਦੇ ਖਲਕਤ ਪਈ ਰੋਂਦੀ ਹੈ॥੭॥ ਓਧਰ ਦਸ਼ਮੇਸ਼ ਪਿਤਾ ਜੀ ਮਾਛੂ ਵਾਲੇ ਬੀੜ ਸੀ, ਕੰਡਿਆਂ ਨਾਲ ਚਰਨ ਕਾਨੇ ਝੱਲ ਰਹੇ ਪੀੜ ਸੀ, ਕੱਲੇ ਹੀ ਕੱਲੇ ਸਤਿਗੁਰ ਸਿਖ ਨਾ ਭੀੜ ਸੀ, ਡੋਡੀਆਂ ਦੁੱਧ ਅੱਕਾਂ ਦਾ ਖਾਹ ਦੇਹ ਖੜੋਂਦੀ ਹੈ, ਰਾਜ ਸੀ ਇੱਟਾਂ ਲਾਉਂਦੇ ਖਲਕਤ ਪਈ ਰੋਂਦੀ ਹੈ ॥੮॥ ਜਾਂਦੇ ਸੀ ਸ਼ਬਦ ਬੋਲਦੇ, ਭਾਣੇ

Digitized by Panjab Digital Library | www.panjabdigilib.org

ਵਿੱਚ ਰਹਿਣਾ ਜੀ, ਹਾਲ ਮਰੀਦਾਂ ਵਾਲਾ ਪਿਆਰੇ ਨੂੰ ਕਹਿਣਾ ਜੀ, ਸੁਰਤੀ ਦੁਲਾਰਿਆਂ ਵੱਲੀਂ ਔਖਾ ਸੀ ਬਹਿਣਾ ਜੀ, ਮੱਥੇ ਸਿਰ ਮੰਨੀ ਜਾਂਦੇ ਸੂਲ ਨਾ ਪੋਂਹਦੀ ਹੈ, ਰਾਜ ਸੀ ਇੱਟਾਂ ਲਾਉਂਦੇ ਖਲਕਤ ਪਈ ਰੋਂਦੀ ਹੈ, ਰਾਜ ਸੀ ਇਟਾਂ ਲਾਉਂਦੇ ॥ ੯॥ ਏਧਰ ਭੀ ਛਾਤੀ ਤਾਈਂ ਆ ਗਈ ਹੁਣ ਕੰਧ ਸੀ, ਹਾ ਹਾ ਕਾਰ ਮੱਚੀ ਵਿੱਚ ਸਾਰੇ ਸਰਹੰਦ ਸੀ, ਛੋਟੇ ਵਲ ਦੇਖ ਕਹਿੰਦਾ ਵੱਡਾ ਫਰਜ਼ੰਦ ਸੀ, ਨੱਥਾ ਸਿੰਘ ਵਾਲੀ ਕਲਮ ਕਵਿਤਾ ਨਾ ਛੋਂਦੀ ਹੈ, ਰਾਜ ਸੀ ਇੱਟਾਂ ਲਾਉਂਦੇ ਖਲਕਤ ਪਈ ਰੋਂਦੀ ਹੈ, ਰਾਜ ਸੀ ਇਟਾਂ ਲਾਉਂਦੇ। ੧੦ ॥੨੭॥

BC 76968

ਦੋਹਿਰਾ:— ਛੋਛੇ ਵੀਰ ਨੂੰ ਵੇਖ ਕੇ ਕਹਿੰਦਾ ਵੱਡਾ ਵੀਰ ॥
ਦਰਦ ਗਿਆ ਨਾਂ ਝਲਿਆ ਵੇਰਨ ਰਹੀ ਤਕਦੀਰ ।੨੮॥

ਕੋਰੜਾ ਛੰਦ:— ਛਾਤੀ ਤਾਂਈ ਜਿਸ ਵੇਲੇ ਆ ਗਈ ਕੰਧ ਸੀ, ਗੁਰੂ ਜੀ ਦਾ ਕਹਿੰਦਾ ਵੱਡਾ ਫਰਜ਼ੰਦ ਸੀ, ਸਿਖਿਆ ਇਹ ਮੇਰੀ ਕੰਨ ਧਰ ਵੀਰਨਾ। ਜੱਗ ਉਤੇ ਰਿਹਾ ਕੋਈ ਪੀਰ ਤੇ ਫਕੀਰ ਨਾ ॥੧॥ ਕਾਹਦਾ ਹੈ ਭਰੋਸਾ ਜਿੰਦੜੀ ਨਮਾਣੀ ਦਾ। ਵੇਜੂ ਇਹ ਬੁਲਬੁਲਾ ਪਲ 'ਚਿ ਪਾਣੀ ਦਾ। ਸੂਰਮਿਆਂ ਦੀ ਮੌਤ ਕਦੇ ਮਰਦੇ ਕੀਰ ਨਾ। ਜੱਗ ਤੇ ਰਿਹਾ ਪੀਰ ਤੇ ਫਕੀਰ ਨਾ ॥ ੨॥ ਖਾਤਰ ਧਰਮ ਦੀ ਇਹ ਤਨ ਲਗਿਆ। ਤੇਰੇ ਨੈਣਾਂ ਵਿੱਚ ਕਾਹਤੋਂ ਜਲ ਵਗਿਆ। ਹੋਣਹਾਰ ਅੱਗੇ ਕਿਸੇ ਬੰਨ੍ਹੀ ਧੀਰ ਨਾ। ਜੱਗ ਉਤੇ ਰਿਹਾ ਪੀਰ ਤੇ ਫਕੀਰ ਨਾ ॥ ੩ ॥ ਹੱਸ ਹੱਸ ਦੇਈਏ ਵੀਰਾ ਕੁਰਬਾਨੀਆਂ। ਦੁਨੀਆ ਤੇ ਸਦਾ ਰਹਿਨੀਆਂ ਨਸ਼ਾਨੀਆਂ। ਦੁਨੀਆਂ ਤੇ ਰਹਿਣਾ ਬਾਦਸ਼ਾਹ ਵਜ਼ੀਰ ਨਾ। ਜੱਗ ਉਤੇ ਰਿਹਾ ਪੀਰ ਤੇ ਫਕੀਰ ਨਾ ।੪॥ ਨਿਵਾਂ 'ਚਿ ਲੱਗਨ ਕਿਉਂ ਨਾ ਜਿੰਦਾ ਨਿਕੀਆਂ। ਖਾਲਸਾ ਮਹਿਲ ਉਸਰੂ ਲਾਝਿਕੀਆਂ। ਕਾਇਮ ਸਦੋਂ ਰਹਿਣਾ ਕਿਸੇ ਦਾ ਸਰੀਰ ਨਾ। ਜੱਗ ਉਤੇ ਰਿਹਾ ਪੀਰ ਤੇ ਫਕੀਰ ਨਾ ॥ ੫ ॥ ਵੇਖ ਅਸਮਾਨ ਵਲ ਮਾਰ ਝਾਤੀਆਂ। ਵੱਡੇ ਵੀਰ ਖੜੇ ਹੱਥੀਂ ਫੜੀ ਪਾਤੀਆਂ। ਟਾਲੀ ਕਦੇ ਟਲਣੀ ਇਹ ਤਕਦੀਰ ਨਾ। ਜੱਗ ਉਤੇ ਰਿਹਾ ਪੀਰ ਤੇ ਫਕੀਰ ਨਾ ॥ ੬ ॥ ਬਬਾਨ ਲਈ ਖੜੇ ਕਰਦੇ ਉਡੀਕਾਂ ਨੂੰ। ਚਲ ਛੇਤੀ ਚਲ ਭੇਜ ਨਾ ਤਰੀਕਾਂ ਨੂੰ। ਮਾਤ ਲੋਕ ਵਿਚ ਆਪਣੀ ਹੁਣ ਸੀਰ ਨਾ। ਜੱਗ ਉਤੇ ਰਿਹਾ ਪੀਰ ਤੇ ਫਕੀਰ ਨਾ ॥੭। ਪੰਜ ਸਿਰ ਵਾਟੇ ਬਾਕੀ ਦੋ ਸਿਰ ਹੈ। ਮੁਗਲਾਂ ਦਾ ਰਾਜ ਨਹੀਂ ਰਹਿਣਾ ਥਿਰ ਹੈ। ਮੁੰਮੀਆਂ ਥੀਂ ਵਤ ਚੁੰਗਨਾ ਪਰ ਸੀਰ ਨਾ। ਜੱਗ ਉਤੇ ਰਿਹਾ ਪੀਰ ਤੇ ਫਕੀਰ ਨਾ ॥੮ ॥ ਚਲ ਛੇਤੀ ਵਿੱਚ ਬੈਠੀਏ ਬਬਾਨ ਦੇ। ਆ ਗਏ ਹੈ ਸਨੇਹੇਂ ਬਾਬੇ ਕੋਲ ਜਾਣ ਦੇ। ਨੱਥਾ ਸਿੰਘ ਧਰਮੀਆਂ ਤਾਈਂ ਖਲੀਰ ਨਾ। ਜੱਗ ਉਤੇ ਰਿਹਾ ਪੀਰ ਤੇ ਫਕੀਰ ਨਾ ।੯॥੨੯॥

ਦੋਹਿਰਾ:— ਛੋਟੇ ਵੀਰ ਨੇ ਵਡੇ ਨੂੰ ਦਿਤੀ ਜਾਂ ਧਰਵਾਸ ॥
ਥਰ ਥਰ ਧਰਤ ਸੀ ਕੰਬਿਆ ਹਿਲਿਆ ਨਾਲ ਅਕਾਸ਼ ।੩੦॥

Digitized by Panjab Digital Library | www.panjabdigilib.org

ਦਵੈਯਾ ਛੰਦ:- ਛੋਟੇ ਵੀਰ ਨੇ ਵੱਡੇ ਵੀਰ ਨੂੰ ਦਿੱਤੀ ਜਦ ਤਸੱਲੀ ਸੀ। ਅਰਸ਼ ਕੁਰਸ਼ ਦੇ ਕਿੰਗਰੇ ਢੇ ਗਏ ਧਰਤੀ ਥਰ ਥਰ ਹੱਲੀ ਸੀ। ਬਦਲੀ ਵਿੱਚ ਵੈਰਾਗ ਦੇ ਝੂਮੇਂ, ਕਿਣ ਕਿਣ ਪਈਆਂ ਕਣੀਆਂ ਸੀ। ਧਰਮ ਰਾਜ ਮੂੰਹ ਉਂਗਲੀ ਲੈ ਲਈ, ਹੁਣ ਜਿੰਦੜੀ ਨੂੰ ਬਣੀਆਂ ਸੀ। ਲੇਖੇ ਭੁਲ ਗਏ ਵਹੀਆਂ ਵਾਲੇ ਸੁਰਤੀ ਢਹਿਣੀ ਵਹਿ ਗਈ ਸੀ। ਮਾਤ ਲੋਕ ਚੋਂ ਹਾਵੇ ਉਠੇ ਕਲਮ ਹੱਥ ਚੋਂ ਢਹਿ ਗਈ ਸੀ। ਧਰਤੀ ਹੇਠਾਂ ਧਰਮ ਖੜੋਤਾ, ਧਾਹੀਂ ਧਾਹੀਂ ਰੁਨਿਆ ਸੀ। ਥਰ ਥਰ ਕੰਬਿਆ ਧਰਤੀ ਹੱਲੀ ਲਾਲਾਂ ਦਰਦ ਪਰੁੰਨਿਆਂ ਸੀ। ਨੀਂਧ ਹਲੀ ਗਰਨਾਂ ਕੇ ਢੱਠੀ ਗੜ ਗੜ ਕਰਕੇ ਹੋਈ ਸੀ। ਪਲ ਦੇ ਵਿੱਚ ਸਰਨਾਟਾ ਛਾਇਆ ਇੱਟ ਖੜੀ ਨਾ ਕੋਈ ਸੀ। ਤਾਂ ਭੀ ਪਰ ਚੰਡਾਲ ਚੌਂਕੜੀ ਦਰਦ ਰਤਾ ਨਾ ਮੰਨਿਆਂ ਸੀ।
ਦੇਰ ਨਾ ਲਾਓ ਕਤਲ ਕਰਾਓ ਇਹ ਮਨਸੂਬਾ ਬੰਨ੍ਹਿਆਂ ਸੀ।

ਸੂਬੇ ਹੁਕਮ ਜਲਾਦਾਂ ਤਾਈਂ, ਕਤਲ ਦਾ ਆਖ ਸੁਨਾਇਆ ਸੀ।
ਝਟ ਤਲਵਾਰਾਂ ਨੰਗੀਆਂ ਹੋਈਆਂ, ਕਹਿਰ ਧਰਤ ਤੇ ਛਾਇਆ ਸੀ।
ਮਸਤਕ ਉਤੇ ਲਾਲੀ ਆ ਗਈ, ਦੋਹਾਂ ਸਾਹਿਬਜਾਦਿਆਂ ਦੇ।
ਸ਼ੇਰਾਂ ਦੇ ਨਾ ਜਿਗਰੇ ਕੰਬੇ ਪੂਰੇ ਦੋਹੁੰ ਹੋਏ ਵਾਹਦਿਆਂ ਦੇ।
ਮੁਲਾਂ ਕਾਜੀਆਂ ਫਤਵੇ ਪੜ੍ਹਤੇ, ਚਮਕ ਪਈਆਂ ਤਰਵਾਰਾਂ ਸੀ।
ਅੱਖ ਦੇ ਝਮਕੇ ਸੀਸ ਦੋਇ ਲਹਿ ਗਏ ਤਿਖੀਆਂ ਡਾਢੀਆਂ ਸਾਰਾਂ ਸੀ।
ਮਾਤ ਲੋਕ ਵਿਚ ਹੈ ਹੈ ਹੋਈ, ਜੈ ਜੈ ਵਿੱਚ ਦਰਗਾਹਾਂ ਦੇ।
ਰੂਹਾਂ ਵਿੱਚ ਬਬਾਨਾ ਚੜ੍ਹੀਆਂ, ਫੁਲ ਬਰਸੇ ਵਿੱਚ ਰਾਹਾਂ ਦੇ।
ਸਤ ਸੀਸ ਪੂਰੇ ਹੋ ਗਏ, ਜੜ੍ਹ ਪੁੱਟੀ ਗਈ ਮੁਗਲਾਂ ਦੀ।
ਬਾਬਾ ਬੰਦਾ ਖਬਰ ਲਊ ਆ, ਸੂਬਿਆਂ ਕਾਜੀਆਂ ਮੁਗਲਾਂ ਦੀ।
ਦਾਦੀ ਤਾਂਈ ਖਬਰ ਆ ਗਈ, ਧਰਮ ਤੇ ਵਿੱਕ ਗਏ ਪੋਤੇ ਨੇ।
ਨਿਘਰ ਜਾਏਂ ਸਰਹੰਦ ਖੇੜਿਆ, ਕਹਿ ਕਹਿ ਖਾਂਦੀ ਗੋਤੇ ਨੇ।
ਗੋਤਾ ਖਾਕੇ ਬੁਰਜ ਤੇ ਬੈਗਈ, ਦਿੱਤਾ ਤਿਆਗ ਪਰਾਨਾ ਨੂੰ।
ਖਾਲੀ ਉਥੇ ਪਿੰਜਰ ਰਹਿ ਗਿਆ, ਰੂਹ ਉਡ ਗਈ ਬਬਾਨਾ ਨੂੰ।
ਨੱਥਾ ਸਿੰਘ ਕਲਮ ਰੋਕ ਲੈ, ਧੱਕੇ ਖਾਣੇ ਸ਼ਾਹਾਂ ਨੇ।
ਇਟ ਇਟ ਕਰਕੇ ਸਰਹੰਦ ਖੜਕੌਣੀ, ਦਰਦ ਮੰਦਾਂ ਦੀਆਂ ਆਹਾਂ ਨੇ।

ਪ੍ਰਕਾਸ਼ਕ ਤੇ ਪ੍ਰਿੰਟਰ:- ਸ: ਮਲਕੀਤ ਸਿੰਘ ਜਗਤ ਪ੍ਰਿੰਟਿੰਗ ਪ੍ਰੈਸ ਮੋਗਾ।

Digitized by Panjab Digital Library | www.panjabdigilib.org

# ਪੜ੍ਹਨ ਯੋਗ ਪੁਸਤਕਾਂ (ਸਾਡੀਆਂ ਪ੍ਰਕਾਸ਼ਨਾਂ)

– ਤ੍ਰਿਲੋਚਨ ਸਿੰਘ ਗਿਲ –

ਅਸ਼ੋਕ (ਨਾਟਕ) ੨)
ਨਵੀਂ ਵਿਦਿਆ (ਨਾਟਕ) ੧)
ਕਾਲਿੰਗਾ ਦੀ ਫਤਿਹ ਨਾਵਲ ੨)
ਕੁਝ ਮੁਢਲੇ ਸਫਰ ੨)
ਮਹਾਨ ਅਸ਼ੋਕ ਤੇ ਉਸ ਦੇ ਸ਼ਿਲਾ ਲੇਖ (ਇਤਹਾਸਕ ਖੋਜ) ੧)
ਗਿਲੇ ਲੋਚਨ (ਕਵਿਤਾ) ੧)
ਪ੍ਰੇਮ ਹਨੋਟੇ(ਰਾਹੀ) ਕਵਿਤਾ ੨)
ਰਬ ਦਾ ਘਰ ਕਵਿਤਾ ੧)
ਵਿਕਦੀਆਂ ਰੂਹਾਂ (ਪ੍ਰੀਤਮ) (ਅੱਗੇ ਵਧੂ ਕਹਾਣੀਆਂ) ੨)
ਪੰਜਾਬੀ ਸਿਖਿਆ ਵਿਧੀ ਗਿਲ' ੪)

– ਬਾਲਕਾਂ ਲਈ –

ਬਾਲ ਅਵਸਥਾ (ਕਵਿਤਾ) ||)
ਜਾਦੂ ਦੀ ਕਹਾਣੀ ਨਾਵਲ ||)
ਸੋਨ ਕੁਮਾਰੀ (ਕਹਾਣੀਆਂ) ||)
ਬਾਲ ਕਹਾਣੀਆਂ |=)
ਵਿਸ਼ਵ ਲੋਕ ਕਹਾਣੀਆਂ |)
ਬਾਲ ਬੁਝਾਰਤਾਂ ਤੇ ਲਤੀਫੇ ||)

– ਵਿਦਿਆਰਥੀਆਂ ਲਈ –

ਆਦਰਸ਼ ਪੰਜਾਬੀ ਗਾਈਡ ੫)
(ਮੈਟ੍ਰਿਕ ਦੇ ਮੁਕੰਮਲ ਏ, ਬੀ ਤੇ ਯੂ.ਪਰਚੇ)
ਆਦਰਸ਼ ਗਿਆਨੀ ਗਾਈਡ ੫)
ਆਦਰਸ਼ ਬੁਧੀਵਾਨੀ ਗਾਈਡ ੪)
ਆਦਰਸ਼ ਪੰਜਾਬੀ ਗਾਈਡ ਐਫ. ਏ. ਆਪਸ਼ਨਲ ੨||) ਇਲੈਕਟਿਵ ੪)
ਆਦਰਸ਼ ਪੰਜਾਬੀ ਲੇਖ ਤੇ ਪਤ੍ਰ ੧|)
ਆਦਰਸ਼ ਪੰ: ਵਿਆਕਰਣ ੧=)
ਆਦਰਸ਼ ਨੋਟ ਸਹਿਤ ਵਾੜੀ ੧)
ਆ: ਨੋਟ ਸਾਹਿਤ ਰਤਨਾਕਰ ੧)
ਆਦਰਸ਼ ਨੋਟ ਗੁਟਾਰ ੧)
ਆਦਰਸ਼ ਨੋਟ ਰਾਜਸੀ ਆਗੂ |||)
ਆ: ਮੈਟ੍ਰਿਕ ਯੂ. ਤੇ ਟੈਸਟ ਪੇਪਰ ੧)
ਆ: ਗਿਆਨੀ ਯੂਨੀਵਰਸਟੀ ਪ੍ਰਚੇ
ਆ: ਸੰਖੇਪ ਰਚਨਾ (ਪ੍ਰੈਸੀ) ੧||)
ਆ: ਵਿਦਵਾਨੀ ਯੂਨੀਵਸਟੀ ਪ੍ਰਚੇ
ਆ: ਬੁਧਵਾਨੀ ਯੂ.ਵ. ਪੇਪਰਜ਼ |)
ਆਦਰਸ਼ ਪੰਜਾਬੀ ਸਾਹਿਤ ਦਾ ਇਤਿਹਾਸ (ਪ੍ਰਸ਼ਨ ਉਤਰ ਵਿਚ) ੧|)

ਪ੍ਰਕਾਸ਼ਕ:– ਸਾਹਿਤ ਸਮਾਚਾਰ ਮੋਗਾ (ਪੰਜਾਬ)

Digitized by Panjab Digital Library | www.panjabdigilib.org

# ਜਦੋਂ ਵੀ ਆਪ ਨੂੰ

ਪੰਜਾਬੀ ਦੀਆਂ ਪੁਸਤਕਾਂ ਕਿੱਸੇ ਕਹਾਣੀਆਂ ਨਾਵਲ, ਨਾਟਕ ਜਾਂ ਧਾਰਮਕ ਗ੍ਰੰਥ ਅਥਵਾ ਸੁੰਦਰ ਗੁਟਕਾ, ਪੰਜ ਗ੍ਰੰਥੀ, ਦਸ ਗ੍ਰੰਥੀ, ਨਿਤਨੇਮ, ਸੁਖਮਨੀ ਸਾਹਿਬ ਜਾਂ ਕੀਰਤਨ ਪ੍ਰਕਾਸ਼ ਦੀ ਲੋੜ ਪਵੇ ਸਾਡੇ ਪਾਸ ਆਓ ਜਾਂ ਖਤ ਲਿਖਕੇ ਇਹ ਚੀਜ਼ਾਂ ਸਾਡੇ ਪਾਸੋਂ ਮੰਗਵਾਓ। ਅਸੀਂ ਕਿਤਾਬਾਂ ਤੋਂ ਇਲਾਵਾ ਅੰਮ੍ਰਿਤਸਰ ਦੀਆਂ ਹੋਰ ਸੁਗਾਤਾਂ ਕੰਘੇ, ਕੜੇ, ਕ੍ਰਿਪਾਨਾਂ ਗਾਤਰੇ ਆਦਿ ਵੀ ਵੇਚਦੇ ਹਾਂ।

ਇਕ ਵਾਰ ਦਰਸ਼ਨ ਦੇ ਕੇ ਜ਼ਰੂਰ ਅਜਮਾਇਸ਼ ਕਰੋ, ਮੁਲ ਰਿਆਇਤੀ ਤੇ ਚੀਜ਼ ਚੰਗੀ।

ਮੰਗਾਣ ਦਾ ਪਤਾ—

## ਸ: ਮਲਕੀਤ ਸਿੰਘ 'ਮੈਨੇਜਰ'

ਜਗਤ ਪ੍ਰਿੰਟਿੰਗ ਪ੍ਰੈਸ, ਮੋਗਾ


Digitized by Panjab Digital Library | www.panjabdigilib.org

B-1318

Digitized by Panjab Digital Library | www.panjabdigilib.org

Digitized by Panjab Digital Library | www.panjabdigilib.org